# ਬਲਦੇਵ ਸਿੰਘ ਰਚਿਤ ਨਾਵਲ 'ਸਤਲੁਜ ਵਹਿੰਦਾ ਰਿਹਾ': ਵਿਚਾਰਧਾਰਕ ਅਧਿਐਨ



ਡਾ. ਮਨਪ੍ਰੀਤ ਕੌਰ
ਭੁਟਾਲ ਖ਼ੁਰਦ, ਜਿਲ੍ਹਾ
ਸੰਗਰੂਰ, ਪੰਜਾਬ
jhinjermanpreet@gmail.com

ਲੋਕ ਮਾਨਸ ਨੇ ਭਗਤ ਸਿੰਘ ਨੂੰ ਇਕ ਆਦਰਸ਼ ਨਾਇਕ ਦਾ ਦਰਜਾ ਪ੍ਰਦਾਨ ਕੀਤਾ ਹੈ। ਭਗਤ ਸਿੰਘ ਭਾਰਤ ਦੀ ਅਜ਼ਾਦੀ ਦਾ ਅਜਿਹਾ ਜੁਝਾਰੂ ਯੋਧਾ ਹੈ ਜੋ ਮੌਤ ਨੂੰ ਲਾੜੀ ਬਣਾ, ਸੰਘਰਸ਼ ਦੇ ਮੈਦਾਨ ਵਿਚ ਕੁੱਦ ਪਿਆ। ਅਜ਼ਾਦੀ ਪ੍ਰਾਪਤੀ ਲਈ ਕੀਤੀਆਂ ਉਸ ਦੀਆਂ ਕੋਸ਼ਿਸ਼ਾਂ ਤੇ ਭਰੀ ਜਵਾਨੀ ਵਿਚ ਫਾਂਸੀ ਦਾ ਰੱਸਾ ਚੁੰਮ ਕੇ, ਹੱਸ ਕੇ ਦੇਸ਼ ਤੋਂ ਕੁਰਬਾਨ ਹੋਣ ਦਾ ਜਜ਼ਬਾ ਉਸ ਨੂੰ ਲੋਕ ਮਾਨਸ ਦੇ ਆਦਰਸ਼ ਨਾਇਕ ਵਜੋਂ ਉਭਾਰਦਾ ਹੈ, ਜਿਸ ਨੇ ਅਜ਼ਾਦੀ ਪ੍ਰਾਪਤੀ ਦੀ ਚਿਣਗ ਦੇਸ਼ਵਾਸੀਆਂ ਦੇ ਮਨਾਂ ਵਿਚ ਜਗਾਈ। ਸ਼ਹੀਦ ਹੋਣ ਤੋਂ ਬਾਅਦ ਵੀ ਭਗਤ ਸਿੰਘ ਇਕ ਵਿਚਾਰਧਾਰਾ ਵਜੋਂ ਅਮਰ ਹੋ ਗਿਆ ਹੈ, ਜਿਵੇਂ ਉਸ ਦਾ ਆਪਣਾ ਕਹਿਣਾ ਸੀ, "ਬ੍ਰਿਟਿਸ਼ ਹਕੂਮਤ ਦੇ ਵਾਸਤੇ ਮਰਿਆ ਹੋਇਆ ਭਗਤ ਸਿੰਘ, ਜਿਊਂਦੇ ਭਗਤ ਸਿੰਘ ਤੋਂ ਵੱਧ ਖ਼ਤਰਨਾਕ ਹੋਵੇਗਾ। ਮੈਨੂੰ ਫਾਂਸੀ ਹੋ ਜਾਣ ਦੇ ਬਾਅਦ, ਮੇਰੇ ਇਨਕਲਾਬੀ ਵਿਚਾਰਾਂ ਦੀ ਸੁਗੰਧ, ਸਾਡੇ ਇਸ ਮਨੋਹਰ ਦੇਸ਼ ਦੇ ਵਾਤਾਵਰਣ ਵਿਚ ਰਲ ਜਾਏਗੀ। ਉਹ ਨੌਜਵਾਨਾਂ ਨੂੰ ਮਦਹੋਸ਼ ਕਰੇਗੀ। ਉਹ ਆਜ਼ਾਦੀ ਤੇ ਇਨਕਲਾਬ ਦੇ ਦੀਵਾਨੇ ਹੋ ਜਾਣਗੇ। ਇਹ ਮੇਰਾ ਦ੍ਰਿੜ ਵਿਸ਼ਵਾਸ ਹੈ। ਮੈਂ ਬੇਸਬਰੀ ਨਾਲ਼ ਉਸ ਦਿਨ ਦੀ ਉਡੀਕ ਕਰ ਰਿਹਾ ਹਾਂ, ਜਦੋਂ ਮੈਨੂੰ ਦੇਸ਼ ਦੇ ਵਾਸਤੇ, ਮੇਰੀਆਂ ਸੇਵਾਵਾਂ ਅਤੇ ਲੋਕਾਂ ਦੇ ਲਈ ਮੇਰੇ ਪਿਆਰ ਦਾ ਸਰਬ-ਉੱਚ ਪੁਰਸਕਾਰ ਮਿਲੇਗਾ।"[1] ਇਤਿਹਾਸ ਦੇ ਇਸ ਮਹਾਨ ਨਾਇਕ, ਯੋਧੇ, ਸੂਰਬੀਰ ਤੇ ਦੇਸ਼ ਭਗਤ, ਭਗਤ ਸਿੰਘ ਦੇ ਜੀਵਨ ਨੂੰ ਆਧਾਰ ਬਣਾਉਂਦਾ ਬਲਦੇਵ ਸਿੰਘ ਸੜਕਨਾਮਾ ਦਾ ਨਾਵਲ 'ਸਤਲੁਜ ਵਹਿੰਦਾ ਰਿਹਾ' ਹਥਲੇ ਖੋਜ-ਪੇਪਰ ਦੇ ਅਧਿਐਨ ਦਾ ਵਿਸ਼ਾ ਹੈ। ਇਹ ਨਾਵਲ ਭਗਤ ਸਿੰਘ ਦੇ ਜੀਵਨਮੁਖੀ ਵੇਰਵਿਆਂ ਦਾ ਹੀ ਬਿਰਤਾਂਤ ਨਹੀਂ ਹੈ ਸਗੋਂ ਸਮਕਾਲੀ ਰਾਜਨੀਤਿਕ ਪ੍ਰਸਥਿਤੀਆਂ 'ਤੇ ਵੀ ਚਾਨਣਾ ਪਾਉਂਦਾ ਹੈ। ਭਗਤ ਸਿੰਘ ਦੀ ਵਿਚਾਰਧਾਰਕ ਉਸਾਰੀ ਕਰਦਾ ਇਹ ਨਾਵਲ ਅਜ਼ਾਦੀ ਸੰਗਰਾਮ ਦੇ ਮਹੱਤਵਪੂਰਨ ਪਹਿਲੂਆਂ ਨੂੰ ਵੀ ਉਜਾਗਰ ਕਰਦਾ ਹੈ।

ਭਗਤ ਸਿੰਘ ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਅਜਿਹਾ ਨਾਇਕ ਹੈ ਜੋ ਕ੍ਰਾਂਤੀਕਾਰੀ/ਇਨਕਲਾਬੀ ਵਿਚਾਰਧਾਰਾ ਨਾਲ਼ ਪ੍ਰਣਾਇਆ ਹੋਇਆ ਹੈ। ਪਰ ਉਸ ਦੀ ਇਸ ਵਿਚਾਰਧਾਰਾ ਪਿੱਛੇ ਕੰਮ ਕਰਦੀਆਂ ਪਰਸਥਿਤੀਆਂ ਤੇ ਵਿਚਾਰਧਾਰਾਵਾਂ ਹੋਰ ਹਨ, ਜਿਨ੍ਹਾਂ ਨੇ ਉਸ ਨੂੰ ਆਪਣੀ ਵੱਖਰੀ ਵਿਚਾਰਧਾਰਾ ਬਣਾਉਣ ਲਈ ਤਿਆਰ ਕੀਤਾ ਹੈ। 'ਸਤਲੁਜ


www.khojnama.com khojnamapb03@gmail.com

ਵਹਿਦਾ ਰਿਹਾ' ਨਾਵਲ ਦੇ ਬਿਰਤਾਂਤ ਵਿਚੋਂ ਉਭਰਦਾ ਭਗਤ ਸਿੰਘ ਦੇ ਨਾਇਕ ਦਾ ਬਿੰਬ ਸਮਝਣ ਲਈ ਪਹਿਲਾਂ ਇਨ੍ਹਾਂ ਵਿਚਾਰਧਾਰਾਈ ਅਧਾਰਾਂ ਦੀ ਪਛਾਣ ਕਰਨੀ ਪਵੇਗੀ। ਮੱਧਕਾਲੀ ਸਾਹਿਤ ਵਿਚ ਨਾਇਕ ਸਿਰਜਣ ਸਮੇਂ ਨਾਇਕ ਨਾਲ਼ ਅਦਭੁਤ ਘਟਨਾਵਾਂ ਜੋੜ ਕੇ ਉਸ ਦੀ ਸਖ਼ਸ਼ੀਅਤ ਨੂੰ ਕਰਾਮਾਤੀ ਰੂਪ ਦੇਣ ਦੀ ਰੂੜੀ ਪ੍ਰਚਲਿਤ ਰਹੀ ਹੈ, ਜਿਸ ਨੂੰ ਭਾਵੇਂ ਪੂਰੇ ਰੂਪ ਵਿਚ ਤਾਂ ਨਹੀਂ ਪਰ ਥੋੜ੍ਹੇ ਬਹੁਤੇ ਫਰਕਾਂ ਨਾਲ਼ ਆਧੁਨਿਕ ਨਾਵਲ ਨੇ ਵੀ ਅਪਣਾਇਆ ਹੈ। ਮੁਢਲੇ ਪੰਜਾਬੀ ਨਾਵਲ ਮੱਧਕਾਲੀ ਸਾਹਿਤ ਦੀਆਂ ਅਜਿਹੀਆਂ ਕਥਾ ਰੂੜੀਆਂ ਤੋਂ ਪ੍ਰਭਾਵਿਤ ਆਦਰਸ਼ ਨਾਇਕ ਦਾ ਬਿੰਬ ਸਿਰਜਦੇ ਹਨ। ਹਥਲੇ ਨਾਵਲ ਵਿਚ ਬਲਦੇਵ ਸਿਘ ਨੇ ਲੋਕ-ਨਾਇਕ ਭਗਤ ਸਿੰਘ ਦੇ ਨਾਇਕਤਵ ਨੂੰ ਉਭਾਰਦੇ ਹੋਏ ਉਸ ਨੂੰ ਜਨਮ ਤੋਂ ਹੀ ਮਹਾਨ ਬਣਾਉਣ ਦੀ ਮੱਧਕਾਲੀ ਸਾਹਿਤ ਦੀ ਰੂੜੀ ਵਰਤੀ ਹੈ। ਇਸ ਰੂੜੀ ਪਿੱਛੇ ਨਾਇਕ ਨੂੰ ਜਨਮ ਤੋਂ ਹੀ ਮਹਾਨ ਦਰਸਾ ਕੇ ਉਸ ਨੂੰ ਬਾਕੀਆਂ ਨਾਲੋਂ ਵੱਖਰਾ ਤੇ ਮਹਾਨ ਸਥਾਪਤ ਕਰਨ ਦੀ ਵਿਚਾਰਧਾਰਾ ਕੰਮ ਕਰਦੀ ਹੈ। ਬਿਰਤਾਂਤਕਾਰ ਨੇ ਭਗਤ ਸਿੰਘ ਦੇ ਜਨਮ ਸਮੇਂ ਉਸ ਦੇ ਪਿਤਾ ਤੇ ਚਾਚਾ ਜੀ ਦੀ ਅੰਗਰੇਜ਼ਾਂ ਦੀ ਕੈਦ ਵਿਚੋਂ ਰਿਹਾਈ ਦਰਸਾ ਕੇ ਉਸ ਨੂੰ ਜਨਮ ਤੋਂ ਹੀ ਭਾਗਾਂ ਵਾਲ਼ਾ ਦਰਸਾਇਆ ਹੈ। "ਸਤੰਬਰ ਮਹੀਨੇ ਵਿਚ ਭਗਤ ਪੈਦਾ ਹੋਇਆ ਸੀ, ਤੇ ਉਧਰ ਏਸੇ ਮਹੀਨੇ ਜਾਰਜ ਪੰਜਵੇਂ ਦੀ ਤਾਜਪੋਸ਼ੀ ਹੋਈ ਸੀ। ਅੰਗਰੇਜ਼ਾਂ ਨੇ ਖੁਸ਼ੀ ਦੇ ਬਹਾਨੇ ਸਾਰੇ ਕੈਦੀ ਰਿਹਾ ਕੀਤੇ ਸਨ। ਰੰਗੂਨ ਤੋਂ ਅਜੀਤ ਵੀ ਆ ਗਿਆ। ਕਿਸ਼ਨ ਸਿੰਘ ਤੇ ਸਵਰਨ ਵੀ ਫੜੇ ਹੋਏ ਸਨ, ਇਹ ਵੀ ਆ ਗਏ। ਘਰ ਵਿਚ ਰੌਣਕਾਂ ਲੱਗ ਗਈਆਂ। ਜੈ ਕੌਰ ਤੋਂ ਤਾਂ ਚਾਅ ਨਹੀਂ ਸੀ ਝੱਲਿਆ ਜਾਂਦਾ। ਕਹਿੰਦੀ ਰਹਿੰਦੀ, ਇਹ ਤਾਂ ਸਾਡਾ ਭਾਗਾਂ ਵਾਲਾ ਹੈ।"[2]

ਭਗਤ ਸਿੰਘ ਦਾ ਜਨਮ ਇਕ ਕ੍ਰਾਂਤੀਕਾਰੀ ਪਰਿਵਾਰ ਵਿਚ ਹੋਇਆ ਸੀ। ਭਗਤ ਸਿੰਘ ਦੇ ਦੇਸ਼ ਦੀ ਅਜ਼ਾਦੀ ਦੇ ਨਾਇਕ ਬਣ ਉੱਭਰਨ ਵਿਚ ਉਸ ਦੇ ਪਰਿਵਾਰਕ ਮਾਹੌਲ ਦਾ ਵਡਮੁੱਲਾ ਯੋਗਦਾਨ ਰਿਹਾ ਹੈ, ਜਿਸ ਨੂੰ ਬਿਰਤਾਂਤਕਾਰ ਨੇ ਭਗਤ ਸਿੰਘ ਦੇ ਨਾਵਲੀ ਬਿੰਬ ਉਸਾਰਨ ਲਈ ਵਿਚਾਰਧਾਰਕ ਆਧਾਰ ਵਜੋਂ ਵਰਤਿਆ ਹੈ। ਭਗਤ ਸਿੰਘ ਦੀ ਸਖ਼ਸ਼ੀਅਤ 'ਤੇ ਪਰਿਵਾਰਕ ਪਿਛੋਕੜ ਵਿਚੋਂ ਮਿਲੇ ਕ੍ਰਾਂਤੀ ਦੇ ਜਜ਼ਬੇ ਦੀ ਪੁੱਠ ਚੜੀ ਹੋਈ ਹੈ। ਭਗਤ ਸਿੰਘ ਦੇ ਦਾਦਾ ਜੀ ਨੇ ਆਪਣੇ ਦੋ ਵੱਡੇ ਪੋਤਰਿਆਂ ਜਗਤ ਸਿੰਘ ਤੇ ਭਗਤ ਸਿੰਘ ਦੇ ਸਿਰ ਤੇ ਹੱਥ ਰੱਖਕੇ ਇਨ੍ਹਾਂ ਦੋਹਾਂ ਨੂੰ ਦੇਸ਼ ਤੋਂ ਕੁਰਬਾਨ ਕਰਨ ਦਾ ਪ੍ਰਣ ਕੀਤਾ ਸੀ। ਬਾਬਾ ਜੀ ਦੇ ਇਸ

ਪ੍ਰਣ ਦਾ ਭਗਤ ਸਿੰਘ 'ਤੇ ਅਜਿਹਾ ਅਸਰ ਪਿਆ ਕਿ ਉਸ ਨੇ ਬਚਪਨ ਵਿਚ ਹੀ ਤੈਅ ਕਰ ਲਿਆ ਸੀ ਕਿ ਉਹ ਵੱਡਾ ਹੋ ਕੇ ਕੀ ਬਣੇਗਾ।

"-ਭਗਤ ਸਿੰਘ ਤੂੰ ਕੀ ਬਣੇਂਗਾ? ਅਧਿਆਪਕ ਦੇ ਬੋਲ ਅਜੇ ਵੀ ਕੰਨਾਂ ਵਿਚ ਗੂੰਜਦੇ ਹਨ। -ਮੈਂ ਵੱਡਾ ਹੋ ਕੇ, ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢਾਂਗਾ।' ਉਦੋਂ ਉਸ ਨੇ ਕਿਹਾ ਸੀ ਤੇ ਹੁਣ ਉਸਦੇ ਚਿਹਰੇ ਉੱਪਰ ਫਿੱਕੀ ਜਿਹੀ ਮੁਸਕਾਣ ਆ ਜਾਂਦੀ ਹੈ।"[43]

ਭਗਤ ਸਿੰਘ ਦਾ ਪਾਲਣ-ਪੋਸ਼ਣ ਜਿਸ ਮਾਹੌਲ ਵਿਚ ਹੋਇਆ, ਉਹ ਦੇਸ਼ ਦੀ ਅਜ਼ਾਦੀ ਲਈ ਹੁੰਦੀਆਂ ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ ਨਾਲ਼ ਸਰਗਰਮ ਮਾਹੌਲ ਸੀ। ਅਜਿਹੇ ਮਾਹੌਲ ਵਿਚ ਪਲ਼ਿਆ ਭਗਤ ਸਿੰਘ ਹਰ ਪ੍ਰਕਾਰ ਦੇ ਦੁਨਿਆਵੀ ਬੰਧਨਾਂ ਤੋਂ ਉੱਪਰ ਉੱਠ ਦੇਸ਼ ਲਈ ਕੁਝ ਕਰਨਾ ਚਾਹੁੰਦਾ ਸੀ। ਇਸੇ ਲਈ ਜਦੋਂ ਘਰ ਉਸ ਦੇ ਵਿਆਹ ਦੀ ਗੱਲ ਹੁੰਦੀ ਹੈ ਤਾਂ ਉਹ ਘਰ ਛੱਡ ਕੇ ਚਲਾ ਜਾਂਦਾ ਹੈ ਤੇ ਕਾਨਪੁਰ ਦੀ 'ਹਿੰਦੁਸਤਾਨ ਸ਼ੋਸ਼ਲਿਸ਼ਟ ਰੀਪਬਲੀਕਨ ਪਾਰਟੀ' ਨਾਲ਼ ਜੁੜ ਜਾਂਦਾ ਹੈ। ਘਰਦਿਆਂ ਲਈ ਜਾਂਦੇ ਹੋਏ ਆਪਣੇ ਆਦਰਸ਼ ਚਿੱਠੀ ਵਿਚ ਲਿਖ ਕੇ ਜਾਂਦਾ ਹੈ:-

"ਲਿਖਣਾ ਕੀ ਹੈ ਬਾਪੂ। ਕਹਿੰਦਾ ਹੈ, ਮੇਰੀ ਜ਼ਿੰਦਗੀ ਹਿੰਦ ਦੀ ਆਜ਼ਾਦੀ ਲਈ ਅਰਪਣ ਹੈ। ਜ਼ਿੰਦਗੀ 'ਚ ਆਰਾਮ ਅਤੇ ਦੁਨਿਆਵੀ ਖੁਸ਼ੀਆਂ ਦੀ ਮੈਨੂੰ ਕੋਈ ਖਿੱਚ ਨਹੀਂ ਹੈ। ਬਾਬਾ ਜੀ ਨੇ ਕਿਹਾ ਸੀ, ਜਗਤ ਸਿੰਘ ਅਤੇ ਭਗਤ ਸਿੰਘ ਨੂੰ ਮੈਂ ਦੇਸ਼ ਦੀ ਸੇਵਾ ਦੇ ਲੇਖੇ ਲਾਉਣਾ ਹੈ। ਮੈਂ ਬਾਬਾ ਜੀ ਦੀ ਪ੍ਰਤਿੱਗਿਆ ਪੂਰੀ ਕਰਨ ਜਾ ਰਿਹਾਂ। ਉਮੀਦ ਹੈ ਮੈਨੂੰ ਮਾਫ਼ ਕਰੋਗੇ।"[4]

ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਅਜ਼ਾਦੀ ਸੰਗਰਾਮ ਦੇ ਉੱਘੇ ਲੀਡਰਾਂ ਵਿਚੋਂ ਇਕ ਸਨ। ਭਗਤ ਸਿੰਘ ਦੇ ਬਾਲ ਮਨ ਉੱਤੇ ਆਪਣੇ ਚਾਚਾ ਅਜੀਤ ਸਿੰਘ ਦੀਆਂ ਗਤੀਵਿਧੀਆਂ ਦਾ ਬੜਾ ਡੂੰਘਾ ਅਸਰ ਪਿਆ ਸੀ। ਉਸ ਨੇ ਆਪਣੇ ਚਾਚਾ ਅਜੀਤ ਸਿੰਘ ਨੂੰ ਕਦੇ ਨਹੀਂ ਦੇਖਿਆ ਸੀ ਕਿਉਂਕਿ ਜਦੋਂ ਤੋਂ ਉਸ ਦਾ ਜਨਮ ਹੋਇਆ ਸੀ ਅਜੀਤ ਸਿੰਘ ਜਲਾਵਤਨ ਹੋਇਆ ਦੇਸ਼ ਤੋਂ ਬਾਹਰੋਂ ਆਪਣਾ ਸੰਘਰਸ਼ ਜਾਰੀ ਰੱਖ ਰਿਹਾ ਸੀ। ਭਗਤ ਸਿੰਘ ਨੇ ਘਰ ਵਿਚ ਪਈਆਂ ਚਾਚਾ ਜੀ ਦੀਆਂ ਸਾਰੀਆਂ ਕਿਤਾਬਾਂ ਬਚਪਨ ਵਿਚ ਹੀ ਪੜ੍ਹ ਲਈਆਂ ਸਨ ਤੇ ਸੰਸਾਰ ਪੱਧਰ 'ਤੇ ਹੋਈਆਂ ਵੱਖ-ਵੱਖ ਕ੍ਰਾਂਤੀਆਂ ਬਾਰੇ ਉਸ ਨੇ ਡੂੰਘਾ ਅਧਿਐਨ ਕਰ ਲਿਆ ਸੀ। ਇਹ ਅਧਿਐਨ ਉਸ ਦੇ ਵਿਚਾਰਾਂ ਦੀ ਪਰਿਪੱਕਤਾ ਵਿਚ ਸਹਾਈ ਹੋਇਆ।
ਭਗਤ ਸਿੰਘ ਆਪਣੇ ਪੁਰਖਿਆਂ ਦੇ ਅਜ਼ਾਦੀ ਸੰਘਰਸ਼ ਵਿਚ ਪਾਏ ਯੋਗਦਾਨ ਤੋਂ ਸੇਧ ਪ੍ਰਾਪਤ ਕਰਦਾ ਹੋਇਆ ਆਪਣੇ ਟੀਚੇ ਮਿੱਥਦਾ ਹੈ। ਉਸ ਦੇ ਇਸ ਰਸਤੇ ਉੱਤੇ ਉਸ ਨੂੰ ਬਹੁਤ

ਸਾਰੀਆਂ ਕਠਿਨਾਈਆਂ ਵੀ ਦਰਪੇਸ਼ ਹੁੰਦੀਆਂ ਹਨ ਪਰ ਉਹ ਆਪਣਾ ਮਨੋਰਥ ਮਿੱਥ ਕੇ ਇਸ ਸੰਘਰਸ਼ ਦੇ ਰਾਹ ਪੈ ਗਿਆ ਸੀ।

"…..ਵਾਹ !ਬਾਪੂ ਜੀ ਮੈਂ ਤਾਂ ਆਪਦੇ ਕਦਮ ਚਿੰਨ੍ਹਾਂ ਉੱਪਰ ਹੀ ਚਲ ਰਿਹਾ ਹਾਂ। ਜੇ ਆਪ ਨੂੰ ਕੋਈ ਦੁੱਖ ਪਹੁੰਚਿਆ ਹੈ, ਮਾਫ਼ ਕਰ ਦੇਣਾ। ਮੇਰੇ ਸਾਹਮਣੇ ਕੋਈ ਹੋਰ ਰਾਸਤਾ ਨਹੀਂ ਹੈ, ਮੈਂ ਵੀ ਆਪ ਵਾਂਗੂੰ ਇਸ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਸੁਪਨਾ ਲਿਆ ਹੈ, ਜੇ ਤੁਸੀਂ ਅੰਗਰੇਜ਼ ਹਕੂਮਤ ਦੇ ਡਰ ਦੀ ਅਤੇ ਆਪਣੇ ਘਰ ਦੀ ਪਰਵਾਹ ਨਹੀਂ ਕੀਤੀ ਫੇਰ ਮੇਰੇ ਪਾਸੋਂ ਅਜਿਹੀ ਆਸ ਨਾ ਰੱਖਿਓ।….ਆਪ ਹਿੰਮਤ ਨਾ ਕਰਦੇ ਤਾਂ ਚਾਚਾ ਅਜੀਤ ਸਿੰਘ, ਦੂਸਰੇ ਚਾਚੇ ਵਾਂਗ ਭਾਰਤ ਦੀਆਂ ਜੇਲ੍ਹਾਂ ਵਿਚ ਹੀ ਕੋਹਲੂ ਅੱਗੇ ਜੁੜੇ ਹੁੰਦੇ। ਤੁਸੀਂ ਉਹਨਾਂ ਨੂੰ ਅੰਬਾ ਪ੍ਰਸਾਦ, ਜਿਆਉਲ ਹੱਕ ਤੇ ਹੋਰਨਾਂ ਨਾਲ਼ ਇਰਾਨ ਤੱਕ ਭੇਜਣ ਵਿਚ ਕਾਮਯਾਬ ਹੋਏ।

ਬੰਗਾਲ ਦੇ ਇਨਕਲਾਬੀ ਰਾਸ ਬਿਹਾਰੀ ਬੋਸ ਨੂੰ ਪਨਾਹ ਦੇਣ ਦਾ ਜੋਖ਼ਮ ਤੁਸੀਂ ਲਿਆ। ਆਪ ਅੰਗਰੇਜ਼ੀ ਹਕੂਮਤ ਲਈ ਚੁਣੌਤੀ ਬਣੇ ਰਹੇ ਹੋ। ਕੀ ਆਪਦੇ ਪੁੱਤਰ ਦਾ ਕੋਈ ਫਰਜ਼ ਨਹੀਂ, ਹੱਕ ਨਹੀਂ….ਉਹ ਆਪਣੇ ਤਮਾਮ ਸੁੱਖ ਅਰਾਮ ਛੱਡ ਕੇ, ਤੁਹਾਡੇ ਵਿੱਢੇ ਸੰਘਰਸ਼ ਨੂੰ ਅਗਾਂਹ ਲੈ ਕੇ ਜਾਏ…..?"[5] ਬਿਰਤਾਂਤਕਾਰ ਨੇ ਜਿੱਥੇ ਭਗਤ ਸਿੰਘ ਦੇ ਅਜ਼ਾਦੀ ਦੇ ਸੰਘਰਸ਼ ਵਿਚ ਕੁੱਦਣ ਪਿੱਛੇ ਉਸ ਦੇ ਪਰਿਵਾਰ ਦੀਆਂ ਦੇਸ਼ ਭਗਤੀ ਤੇ ਲੋਕ ਹਿੱਤਾਂ ਵਾਲੀਆਂ ਗਤੀਵਿਧੀਆਂ ਦਾ ਬਿਰਤਾਂਤ ਸਿਰਜਿਆ ਹੈ ਉੱਥੇ ਨਾਲ਼ ਉਸ ਦੇ ਬਾਲ ਮਨ ਨੇ ਜੱਲਿਆਂਵਾਲੇ ਬਾਗ ਦੇ ਸਾਕੇ ਤੇ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਦੇ ਪ੍ਰਭਾਵ ਨੂੰ ਉਸ ਦੀ ਕ੍ਰਾਂਤੀ ਪ੍ਰਤੀ ਖਿੱਚ ਲਈ ਵਿਚਾਰਧਾਰਕ ਆਧਾਰ ਵਜੋਂ ਚਿਤਰਿਆ ਹੈ। ਗ਼ਦਰ ਪਾਰਟੀ ਦੇ ਗ਼ਦਰੀਆਂ ਤੇ ਕਰਤਾਰ ਸਿੰਘ ਸਰਾਭਾ ਦਾ ਭਗਤ ਸਿੰਘ ਦੇ ਘਰ ਆਉਣ-ਜਾਣ ਬਣਿਆ ਹੋਇਆ ਸੀ। ਗ਼ਦਰੀਆਂ ਦੇ ਸਾਹਿਤ ਤੇ ਗਤੀਵਿਧੀਆਂ ਨੇ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਦੀ ਸਰਪ੍ਰਸਤੀ ਕੀਤੀ। ਜਦੋਂ ਭਗਤ ਸਿੰਘ ਹਾਲੇ ਸਿਰਫ਼ ਨੌਂ ਵਰ੍ਹਿਆਂ ਦਾ ਸੀ ਤਦ ਕਰਤਾਰ ਸਿੰਘ ਸਰਾਭਾ ਨੂੰ ਲਾਹੌਰ ਵਿਖੇ ਫਾਂਸੀ ਦੀ ਸਜ਼ਾ ਹੋਈ। ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੇ ਭਗਤ ਸਿੰਘ ਦੇ ਦੇਸ਼-ਭਗਤੀ ਦੇ ਜਜ਼ਬੇ ਨੂੰ ਹੋਰ ਵੀ ਹੱਲਾਸ਼ੇਰੀ ਦਿੱਤੀ। ਉਹ ਗਦਰ ਪਾਰਟੀ ਦੇ ਨੌਜਵਾਨ ਨਾਇਕ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਆਦਰਸ਼ ਮੰਨਦਾ ਸੀ। "ਉਹ ਹਮੇਸ਼ਾਂ ਕਰਤਾਰ ਸਿੰਘ ਸਰਾਭਾ ਦੀ ਫੋਟੋ ਆਪਣੇ ਕੋਲ਼ ਰੱਖਿਆ ਕਰਦੇ ਸਨ। ਇਸ ਤੋਂ ਉਨ੍ਹਾਂ ਨੂੰ

ਬੜੀ ਪ੍ਰੇਰਣਾ ਮਿਲਦੀ ਸੀ। ਉਹ ਇਹ ਫੋਟੋ ਆਪਣੀ ਮਾਂ ਨੂੰ ਵੀ ਵਿਖਾਉਂਦੇ ਅਤੇ ਕਹਿੰਦੇ, "ਮਾਂ, ਇਹ ਮੇਰਾ ਆਦਰਸ਼ ਨਾਇਕ, ਮਿੱਤਰ ਅਤੇ ਸਾਥੀ ਹੈ।"[6]

ਨਾਵਲੀ ਬਿਰਤਾਂਤ ਅਨੁਸਾਰ ਜੱਲ੍ਹਿਆਂਵਾਲੇ ਬਾਗ ਦੇ ਸਾਕੇ ਤੋਂ ਬਾਅਦ ਭਗਤ ਸਿੰਘ ਨੇ ਉੱਥੋਂ ਦੀ ਮਿੱਟੀ ਚੁੱਕ ਕੇ ਸਹੁੰ ਖਾਧੀ ਕਿ ਉਹ ਦੇਸ ਨੂੰ ਅਜ਼ਾਦ ਕਰਵਾਏਗਾ। ਅਜ਼ਾਦੀ ਸੰਗਰਾਮ ਵਿਚ ਕੁੱਦਣ ਤੋਂ ਪਹਿਲਾਂ ਪ੍ਰੋ. ਚੰਦਰ, ਭਗਤ ਸਿੰਘ ਨੂੰ ਇਸ ਰਾਸਤੇ ਦੀਆਂ ਕਠਿਨਾਈਆਂ ਬਾਰੇ ਦੱਸਦਾ ਹੈ ਤਾਂ ਭਗਤ ਸਿੰਘ ਆਪਣੇ ਮਜ਼ਬੂਤ ਇਰਾਦੇ ਬਾਰੇ ਪ੍ਰੋ. ਚੰਦਰ ਨੂੰ ਦੱਸਦਾ ਹੈ:-

"ਮੈਂ ਜੱਲ੍ਹਿਆਂ ਵਾਲੇ ਬਾਗ ਦਾ ਸਾਕਾ ਨਹੀਂ ਭੁੱਲਿਆ। ਉੱਥੋਂ ਲਿਆਂਦੀ ਲਹੂ ਭਿੱਜੀ ਮਿੱਟੀ, ਮੈਨੂੰ ਚੈਨ ਨਾਲ਼ ਸੌਣ ਨਹੀਂ ਦਿੰਦੀ। ਫਾਂਸੀ ਉੱਪਰ ਲਟਕਦਾ ਕਰਤਾਰ ਸਿੰਘ ਸਰਾਭਾ, ਮੇਰੇ ਸੁਪਨਿਆਂ ਵਿਚ ਆ ਕੇ, ਇਹ ਸੰਘਰਸ਼ ਜਾਰੀ ਰੱਖਣ ਲਈ ਪ੍ਰੇਰਦਾ ਰਹਿੰਦਾ ਹੈ। ਮਦਨ ਲਾਲ ਢੀਂਗਰਾ ਮੈਨੂੰ ਵੰਗਾਰਦਾ ਹੈ। ਮੈਨੂੰ ਅਸ਼ੀਰਵਾਦ ਦੇ ਕੇ ਵਿਦਾ ਕਰੋ ਸਰ। ਆਪ ਦਾ ਇਹ ਸ਼ਾਗਿਰਦ, ਕਸਵੱਟੀ ਉੱਤੇ ਪਰਖਿਆ ਖਰਾ ਸੋਨਾ ਸਾਬਤ ਹੋਵੇਗਾ। ਧਨ ਦਾ ਤਾਂ ਮੈਨੂੰ ਇਲਮ ਨਹੀਂ ਹੈ, ਇਹ ਤਨ ਇਹ ਮਨ, ਦੇਸ਼ ਦੀ ਅਮਾਨਤ ਹੈ। ਕੋਈ ਵੀ ਸਨੇਹ, ਕੋਈ ਵੀ ਭਾਵਨਾ, ਭਗਤ ਸਿੰਘ ਨੂੰ ਇਸ ਰਾਹ ਤੋਂ ਥਿੜਕਾ ਨਹੀਂ ਸਕੇਗੀ, ਆਪ ਨੂੰ ਵਚਨ ਦਿੰਦਾ ਹਾਂ, ਸਰ...।"[7]

ਭਗਤ ਸਿੰਘ ਹਰਮਨ ਪਿਆਰਾ ਨਾਇਕ ਹੈ। ਉਸ ਦਾ ਬਿੰਬ ਅਜਿਹੇ ਨਾਇਕ ਵਜੋਂ ਪੇਸ਼ ਕੀਤਾ ਜਾਂਦਾ ਹੈ ਜੋ ਹਥਿਆਰਬੰਦ ਕ੍ਰਾਂਤੀ ਦਾ ਸਮਰਥਕ ਹੈ। ਪਰ ਇਹ ਉਸ ਦੇ ਬਿੰਬ ਦੀ ਇਕ ਪਾਸੜ ਵਿਆਖਿਆ ਕਹੀ ਜਾ ਸਕਦੀ ਹੈ। ਬਲਦੇਵ ਸਿੰਘ ਭਗਤ ਸਿੰਘ ਦਾ ਹਥਿਆਰਬੰਦ ਕ੍ਰਾਂਤੀਕਾਰੀ ਦੀ ਬਜਾਏ ਕਿਤਾਬਾਂ ਪੜ੍ਹਨ ਵਾਲ਼ੇ ਵਿਚਾਰਵਾਨ ਦਾ ਬਿੰਬ ਉਸਾਰਨਾ ਚਾਹੁੰਦਾ ਹੈ ਇਸ ਬਾਰੇ ਦਲੀਲਾਂ ਵੀ ਪੇਸ਼ ਕਰਦਾ ਹੈ ਕਿ ਉਹ ਭਗਤ ਸਿੰਘ ਦੀ ਸਖ਼ਸ਼ੀਅਤ ਦੇ ਹੋਰ ਮਹੱਤਵਪੂਰਨ ਪਹਿਲੂਆਂ ਨੂੰ ਵੀ ਪਾਠਕਾਂ ਨਾਲ਼ ਸਾਂਝੇ ਕਰਨਾ ਚਾਹੁੰਦਾ ਹੈ।

"ਅਜੇ ਤੱਕ ਭਗਤ ਸਿੰਘ ਦੀ ਤਸਵੀਰ ਵਿਚ ਇਹੀ ਦਿਸਦਾ ਰਿਹਾ ਹੈ....ਉਹਦੇ ਇਕ ਹੱਥ ਵਿਚ ਪਿਸਤੌਲ ਹੈ, ਦੂਸਰਾ ਹੱਥ ਮੁੱਛ ਤੇ ਹੈ ਅਤੇ ਹੇਠਾਂ ਲਿਖਿਆ ਹੈ -ਕਿੱਥੇ ਜਾਏਂਗਾ ਫਿਰੰਗੀਆਂ ਬਚਕੇ।' ਇਸ ਤਸਵੀਰ ਤੋਂ ਸਾਡੇ ਨੌਜਵਾਨ ਕੀ ਪ੍ਰਭਾਵ ਲੈਂਦੇ ਹੋਣਗੇ। ਮੈਂ ਚਾਹੁੰਦਾ ਹਾਂ ਕ੍ਰਾਂਤੀਕਾਰੀ ਹੋਣ ਦੇ ਨਾਲ਼-ਨਾਲ਼ ਪਾਠਕਾਂ ਨੂੰ ਇਹ ਵੀ ਪਤਾ ਲੱਗੇ, ਭਗਤ

ਸਿੰਘ ਆਪਣੇ ਸਮੇਂ ਦਾ ਬਹੁਤ ਵੱਡਾ ਵਿਚਾਰਵਾਨ ਸੀ। ਉਸ ਨੇ ਵਿਸ਼ਵ ਦੀਆਂ ਕ੍ਰਾਂਤੀਆਂ ਦੇ ਇਤਿਹਾਸ, ਕ੍ਰਾਂਤੀਕਾਰੀਆਂ ਦੇ ਜੀਵਨ ਦਾ ਡੂੰਘਾ ਅਧਿਐਨ ਕੀਤਾ। ਹਿੰਸਾ ਅਹਿੰਸਾ ਦੀ ਫ਼ਿਲਾਸਫ਼ੀ ਬਾਰੇ ਉਸ ਦੇ ਬਹੁਤ ਸ਼ਪੱਸ਼ਟ ਵਿਚਾਰ ਸਨ। ਸੰਘਰਸ਼ ਦੇ ਮੁੱਢਲੇ ਪੜਾਅ ਨੂੰ ਛੱਡ ਕੇ ਉਹ ਆਪਣੇ ਆਪ ਨੂੰ ਆਤੰਕਵਾਦੀ ਦੀ ਥਾਂ ਤੇ ਕ੍ਰਾਂਤੀਕਾਰੀ ਅਖਵਾਉਣਾ ਪਸੰਦ ਕਰਦਾ ਸੀ।"[10]

ਬਿਰਤਾਂਤਕਾਰ ਦਾ ਉਦੇਸ਼ ਸਿਰਫ਼ ਭਗਤ ਸਿੰਘ ਦੇ ਚਰਿੱਤਰ ਦੀ ਉਸਾਰੀ ਕਰਨਾ ਹੀ ਨਹੀਂ ਹੈ ਸਗੋਂ ਉਸ ਦੀ ਵਿਚਾਰਧਾਰਾ ਵਿਸ਼ਵ ਪੱਧਰ ਦੀ ਆਰਥਿਕ ਤੇ ਰਾਜਨੀਤਕ ਦ੍ਰਿਸ਼ਟੀ ਦੀ ਸੂਝ ਰੱਖਦੀ ਹੈ ਜਿਸ ਨੂੰ ਉਹ ਭਗਤ ਸਿੰਘ ਦੀ ਵਿਸ਼ਵ ਦ੍ਰਿਸ਼ਟੀ ਦੇ ਚਿਤਰਨ ਦਾ ਆਧਾਰ ਬਣਾਉਂਦਾ ਹੈ। ਵਿਸ਼ਵ ਪੱਧਰ 'ਤੇ ਹੋਈਆਂ ਕ੍ਰਾਂਤੀਆਂ ਭਗਤ ਸਿੰਘ ਦੀਆਂ ਪ੍ਰੇਰਨਾ ਸਰੋਤ ਬਣਦੀਆਂ ਹਨ। ਇਸ ਤਰ੍ਹਾਂ ਬਿਰਤਾਂਤਕਾਰ ਨੇ ਭਗਤ ਸਿੰਘ ਦੇ ਪ੍ਰਚਲਿੱਤ ਹਿੰਸਕ ਬਿੰਬ ਦਾ ਭੰਜਨ ਕਰਦੇ ਹੋਏ, ਉਸ ਦੇ ਜੀਵਨ ਦੇ ਅਨੇਕਾਂ ਪੱਖਾਂ ਨੂੰ ਉਭਾਰਦੇ ਹੋਏ ਉਸ ਦੀ ਸਮਾਜਵਾਦੀ ਵਿਚਾਰਧਾਰਾ ਵਾਲ਼ੇ ਇਨਕਲਾਬੀ ਨਾਇਕ ਦਾ ਬਿੰਬ ਉਭਾਰਿਆ ਹੈ।

ਬਿਰਤਾਂਤਕਾਰ ਅਨੁਸਾਰ ਭਗਤ ਸਿੰਘ ਸੂਝ ਤੇ ਤਰਕ ਨਾਲ਼ ਐਕਸ਼ਨ ਕਰਨ ਵਾਲਾ ਕ੍ਰਾਂਤੀਕਾਰੀ ਹੈ ਜਿਸ ਲਈ ਉਹ ਵਿਸ਼ਵ ਪੱਧਰ ਦੇ ਮਹਾਨ ਲੇਖਕਾਂ ਦੀਆਂ ਲਿਖਤਾਂ ਦਾ ਅਧਿਐਨ ਕਰਦਾ ਹੈ। ਉਸ ਨੇ ਆਪ ਮਾਰਕਸ, ਲੈਨਿਨ ਦੀਆਂ ਲਿਖਤਾਂ ਅਤੇ ਵਿਸ਼ਵ ਪੱਧਰ 'ਤੇ ਹੋਈਆਂ ਕ੍ਰਾਂਤੀਆਂ ਦਾ ਡੂੰਘਾ ਅਧਿਐਨ ਕੀਤਾ ਸੀ। ਇਸੇ ਲਈ ਉਸ ਦੇ ਕ੍ਰਾਂਤੀ ਬਾਰੇ ਵਿਚਾਰ ਸ਼ਪੱਸ਼ਟ ਸਨ। ਭਗਤ ਸਿੰਘ ਦਾ ਅਧਿਐਨ ਆਪਣੇ ਆਪ ਤੱਕ ਹੀ ਸੀਮਤ ਨਹੀਂ ਸੀ ਸਗੋਂ ਉਹ ਆਪਣੇ ਸਾਥੀਆਂ ਨੂੰ ਵੀ ਚੰਗੀਆਂ ਲਿਖਤਾਂ ਦੇ ਅਧਿਐਨ ਦੀ ਤਾਕੀਦ ਕਰਦਾ ਸੀ ਤਾਂ ਕਿ ਵਿਚਾਰਧਾਰਕ ਪਰਿਪੱਕਤਾ ਹਾਸਲ ਕੀਤੀ ਜਾ ਸਕੇ। ਉਸ ਦਾ ਮੰਨਣਾ ਸੀ ਕਿ "ਸਾਨੂੰ ਵੱਧ ਤੋਂ ਵੱਧ ਅਧਿਐਨ ਕਰਨਾ ਚਾਹੀਦਾ ਹੈ। ਮੈਂ ਆਪਣੇ ਆਪ ਨੂੰ ਵੀ ਹੁਕਮ ਦਿੰਦਾ ਰਹਿੰਦਾ ਹਾਂ- ਅਧਿਐਨ ਕਰ- ਹੋਰ ਅਧਿਐਨ ਕਰ- ਤਾਂ ਕਿ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕੇਂ। ਹੁਣ ਰਹੱਸਵਾਦ ਤੇ ਅੰਧ-ਵਿਸ਼ਵਾਸ਼ ਵਾਸਤੇ ਕੋਈ ਥਾਂ ਨਹੀਂ ਹੈ। ਯਥਾਰਥਵਾਦ ਸਾਡਾ ਸਿਧਾਂਤ ਹੈ।"[9] ਭਗਤ ਸਿੰਘ ਆਪਣੇ ਵਿਚਾਰਾਂ ਪ੍ਰਤੀ ਪੂਰੀ ਤਰ੍ਹਾਂ ਸ਼ਪੱਸਟ ਸੀ। ਉਸ ਨੇ ਵਿਸ਼ਵ ਵਿਚ ਹੋਈਆਂ ਕ੍ਰਾਂਤੀਆਂ ਦੇ ਡੂੰਘੇ ਅਧਿਐਨ ਵਿਚੋਂ ਆਪਣੀ ਵਿਚਾਰਧਾਰਾ ਬਣਾਈ ਜੋ ਅਜ਼ਾਦੀ ਸੰਗਰਾਮ ਵਿਚ ਮੀਲ ਪੱਥਰ ਵਜੋਂ ਸਾਬਤ ਹੋਈ। ਉਸ

ਨੇ ਆਪਣੇ ਜੇਲ੍ਹ ਦੇ ਸਮੇਂ ਨੂੰ ਵੀ ਡੂੰਘੇ ਅਧਿਐਨ ਲਈ ਵਰਤਿਆ। ਜੇਲ੍ਹ ਵਿਚ ਅਖ਼ਬਾਰ ਤੇ ਕਿਤਾਬਾਂ ਪ੍ਰਾਪਤ ਕਰਨ ਲਈ ਵੀ ਭਗਤ ਸਿੰਘ ਤੇ ਸਾਥੀਆਂ ਨੂੰ ਲੰਬੀ ਭੁੱਖ ਹੜਤਾਲ ਵਿਚੋਂ ਦੀ ਗੁਜ਼ਰਨਾ ਪਿਆ ਸੀ। ਭਗਤ ਸਿੰਘ ਦੀ ਅਧਿਐਨ ਬਿਰਤੀ ਤੋਂ ਜੇਲ੍ਹ ਅਧਿਕਾਰੀ ਵੀ ਹੈਰਾਨ ਹੁੰਦੇ ਸਨ "ਏਹ ਕੇਹਾ ਨੌਜਵਾਨ ਹੈ, ਨਾ ਇਸ ਨੂੰ ਆਪਣੇ ਮੁਕੱਦਮੇ ਦਾ ਫ਼ਿਕਰ ਹੈ, ਨਾ ਕਿਸੇ ਨਾਲ਼ ਮੁਲਾਕਾਤ ਕਰਨ ਦਾ ਫ਼ਿਕਰ ਹੈ, ਦਿਨ ਰਾਤ ਕਿਤਾਬਾਂ ਵਿਚ ਹੀ ਖੁੱਭਿਆ ਰਹਿੰਦਾ ਹੈ।"[10] ਉਸ ਦੀ ਪੜ੍ਹਨ ਪ੍ਰਤੀ ਲਗਨ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਐਨ ਆਖਰੀ ਵੇਲੇ ਜਦੋਂ ਫਾਂਸੀ ਦੇਣ ਖਾਤਰ ਲਿਜਾਣ ਵਾਸਤੇ ਉਸਦੀ ਕੋਠੜੀ ਦਾ ਦਰਵਾਜ਼ਾ ਖੁਲ੍ਹਵਾਇਆ ਤਾਂ ਉਹ ਲੈਨਿਨ ਦੀ ਸਵੈ-ਜੀਵਨੀ ਪੜ੍ਹ ਰਿਹਾ ਸੀ।

"ਸਰਦਾਰ ਜੀ, ਫਾਂਸੀ ਲੱਗਣ ਦਾ ਹੁਕਮ ਆਇਆ ਹੈ, ਤਿਆਰ ਹੋ ਜਾਓ....।

ਠਹਿਰੋ.....!ਅੱਖਾਂ ਪੁਸਤਕ ਉੱਪਰ ਹੀ ਗੱਡੀ, ਭਗਤ ਸਿੰਘ ਇਕ ਹੱਥ ਖੜ੍ਹਾ ਕਰਕੇ ਉੱਚੀ ਆਵਾਜ਼ ਵਿਚ ਰੋਕਦਾ ਹੈ।.....ਇਕ ਇਨਕਲਾਬੀ ਦੂਸਰੇ ਇਨਕਲਾਬੀ ਨੂੰ ਮਿਲ ਰਿਹਾ ਹੈ।" ਤੇ ਉਹ ਫਿਰ ਪੁਸਤਕ ਪੜ੍ਹਨ ਲੱਗਦਾ ਹੈ।

ਜੇਲਰ ਹੈਰਾਨ ਹੈ, ਗਿਆਨ ਪ੍ਰਾਪਤ ਕਰਨ ਦੀ ਇਹ ਕੇਹੀ ਲਾਲਸਾ ਹੈ, ਨਾ ਇਸ ਨੂੰ ਮੌਤ ਦਾ ਡਰ ਹੈ, ਨਾ ਆਪਣਿਆਂ ਤੋਂ ਵਿਛੜਨ ਦੀ ਉਦਾਸੀ ਹੈ, ਇਹ ਕੇਹਾ ਜਨੂੰਨ ਹੈ, ਮੈਂ ਤਾਂ ਅਜਿਹੇ ਨੌਜਵਾਨ ਕਦੇ ਨਹੀਂ ਦੇਖੇ।"[11]

ਨਾਵਲ ਵਿਚੋਂ ਮਿਲਦੇ ਹਵਾਲਿਆਂ 'ਚੋਂ ਭਗਤ ਸਿੰਘ ਦੇ ਇਸ ਡੂੰਘੇ ਅਧਿਐਨ ਵਿਚੋਂ ਉਸ ਦੇ ਸਮਾਜਵਾਦ ਪ੍ਰਤੀ ਵਿਚਾਰ ਸ਼ਪੱਸ਼ਟ ਹੁੰਦੇ ਹਨ, ਜਿਨ੍ਹਾਂ ਨੂੰ ਉਹ ਆਪਣੀ ਪਾਰਟੀ 'ਨੌਜਵਾਨ ਭਾਰਤ ਸਭਾ' ਦੇ ਮੁੱਖ ਏਜੰਡੇ ਵਿਚ ਸ਼ਾਮਿਲ ਕਰਦਾ ਹੈ। "ਸਭ ਤੋਂ ਮੁੱਖ ਗੱਲ ਸਮਾਜਵਾਦ ਦੇ ਦ੍ਰਿਸ਼ਟੀਕੋਣ ਬਾਰੇ ਮੈਂਬਰਾਂ ਦੀ ਸਮਝ ਪਰਪੱਕ ਬਣਾਉਣੀ ਹੈ। ਉਹਨਾਂ ਨੂੰ ਵਿਗਿਆਨਕ ਭੌਤਿਕਵਾਦ ਦੇ ਅਰਥ ਸਮਝਾਉਣੇ ਹਨ।"[12]ਦੇਸ਼ ਦੇ ਨੌਜਵਾਨਾਂ ਤੱਕ ਆਪਣੇ ਸ਼ੰਦੇਸਾਂ ਨੂੰ ਫੈਲਾਉਣ ਲਈ ਉਹ ਅਧਿਐਨ ਨੂੰ ਸਭ ਤੋਂ ਅਹਿਮ ਮੰਨਦਾ ਸੀ। ਉਸ ਦਾ ਮੰਨਣਾ ਸੀ "ਇਸੇ ਲਈ ਮੈਂ ਕਹਿੰਦਾ ਰਹਿੰਦਾ ਹਾਂ, ਸਾਨੂੰ ਇਨਕਲਾਬ ਬਾਰੇ ਤੇ ਇਨਕਲਾਬ ਤੋਂ ਪਿੱਛੋਂ ਦੇਸ਼ ਦੇ ਰਾਜਨੀਤਕ ਢਾਂਚੇ ਬਾਰੇ ਪੂਰੀ ਸਮਝ ਹੋਣੀ ਚਾਹੀਦੀ ਹੈ। ਸਾਡੇ ਕੋਲ਼ ਦੋ ਹੀ ਸਾਧਨ ਨੇ, ਆਪ ਪੜ੍ਹੋ ਤੇ ਦੂਸਰਿਆਂ ਨੂੰ ਪੜ੍ਹਾਓ। ਇਨ੍ਹਾਂ ਬਾਰੇ ਲੇਖ ਲਿਖੋ, ਪਰਚੇ ਵੰਡੋ। ਅਖ਼ਬਾਰਾਂ ਰਾਹੀਂ ਪ੍ਰਚਾਰ ਕਰੋ। ਜਦੋਂ ਵੀ ਮੌਕਾ ਮਿਲਦਾ ਹੈ ਭਾਸ਼ਣ ਦਿਓ, ਭਾਵੇਂ ਲੋਕ ਥੋੜ੍ਹੇ ਹੋਣ। ਥੋੜ੍ਹੇ ਲੋਕਾਂ ਰਾਹੀਂ ਗੱਲ ਹੌਲ਼ੀ-ਹੌਲ਼ੀ ਸੈਂਕੜੇ ਹਜ਼ਾਰਾਂ ਲੋਕਾਂ ਵਿਚ ਜਾਵੇਗੀ। ਹੁਣ ਵੀ ਮੈਂ

ਕੁਝ ਕਿਤਾਬਾਂ ਕਾਨਪੁਰ ਦੇ ਸਾਥੀਆਂ ਲਈ ਲੈ ਜਾਵਾਂਗਾ। ਅਜੇ ਸਮਾਜਵਾਦ ਦਾ ਨਾਮ ਉਨ੍ਹਾਂ ਲਈ ਓਪਰਾ ਹੈ।"[13] ਭਗਤ ਸਿੰਘ ਜਿਸ ਇਨਕਲਾਬ ਦੀ ਗੱਲ ਕਰਦਾ ਹੈ ਉਸ ਪ੍ਰਤੀ ਉਸ ਦੇ ਵਿਚਾਰ ਬਿਲਕੁਲ ਸਪੱਸ਼ਟ ਹਨ। ਉਹ ਚਾਹੁੰਦਾ ਹੈ ਕਿ ਭਾਰਤ ਦੇ ਹਰ ਨੌਜਵਾਨ ਨੂੰ ਇਨਕਲਾਬ ਬਾਰੇ ਪਤਾ ਹੋਵੇ। ਇਸੇ ਲਈ ਉਹ ਮੰਨਦਾ ਹੈ "ਸਾਡੇ ਸਾਥੀਆਂ ਨੂੰ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਤੇ ਆਮ ਲੋਕਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਇਨਕਲਾਬ ਦਾ ਮਤਲਬ ਉਥਲ-ਪੁਥਲ ਮਚਾਉਣਾ ਨਹੀਂ ਹੈ। ਇਨਕਲਾਬ ਦਾ ਅਰਥ ਸਮਾਜ ਦੀ ਨਵੇਂ ਅਤੇ ਵਧੀਆ ਵਿਚਾਰਾਂ ਦੇ ਆਧਾਰ 'ਤੇ ਪੁਨਰ ਉਸਾਰੀ ਕਰਨਾ ਹੈ। ਇਸ ਲਈ ਪ੍ਰਚਲਤ ਰਾਜ ਅਵਸਥਾ ਦੀ ਮੁਕੰਮਲ ਤਬਾਹੀ ਜ਼ਰੂਰੀ ਹੁੰਦੀ ਹੈ।"[14]

ਬਿਰਤਾਂਤਕਾਰ ਨੇ ਭਗਤ ਸਿੰਘ ਦੇ ਪ੍ਰਚਲਿੱਤ ਹਿੰਸਕ ਬਿੰਬ ਦਾ ਭੰਜਨ ਕਰਦੇ ਹੋਏ ਭਗਤ ਸਿੰਘ ਦੇ ਕਿਤਾਬਾਂ ਦਾ ਗਹਿਨ ਅਧਿਐਨ ਕਰਨ ਵਾਲੇ ਚਿੰਤਕ ਤੇ ਵਿਚਾਰਵਾਨ ਵਾਲ਼ੇ ਬਿੰਬ ਦੀ ਉਸਾਰੀ ਕੀਤੀ ਹੈ। ਭਾਵੇਂ ਭਗਤ ਸਿੰਘ ਤੇ ਸਾਥੀਆਂ ਨੇ ਕੁਝ ਹਥਿਆਰਬੰਦ ਐਕਸ਼ਨ ਕੀਤੇ ਸਨ ਪਰ ਇਹ ਸਮੇਂ ਤੇ ਕ੍ਰਾਂਤੀ ਦੀ ਜ਼ਰੂਰਤ ਵਿਚੋਂ ਉਪਜੇ ਸਨ। ਨਾਵਲੀ ਬਿਰਤਾਂਤ ਵਿਚੋਂ ਅਜਿਹੇ ਬਹੁਤ ਸਾਰੇ ਹਵਾਲੇ ਮਿਲਦੇ ਹਨ ਜਿਨ੍ਹਾਂ ਵਿਚੋਂ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਪਤਾ ਲੱਗਦੀ ਹੈ ਅਤੇ ਜਿਸ ਦੀ ਪ੍ਰਾਪਤੀ ਲਈ ਉਹ ਨੌਜਵਾਨ ਵਰਗ ਦੇ ਇਨਕਲਾਬ ਪ੍ਰਤੀ ਚੇਤੰਨ ਹੋਣ ਤੇ ਤਰਕ ਨਾਲ਼ ਕੀਤੇ ਐਕਸ਼ਨਾਂ ਰਾਹੀਂ ਸੰਭਵ ਮੰਨਦਾ ਹੈ। ਭਗਤ ਸਿੰਘ ਨੇ ਅਸੈਂਬਲੀ ਬੰਬ ਧਮਾਕੇ ਵਜੋਂ ਉਸ ਉੱਤੇ ਚਲਾਏ ਮੁਕੱਦਮੇ ਦੇ ਲਿਖਤੀ ਬਿਆਨ ਵਿਚ ਇਨਕਲਾਬ ਨੂੰ ਪਰਿਭਾਸ਼ਤ ਕੀਤਾ ਸੀ। ਪਰ ਹਾਕਮ ਸਰਕਾਰ ਨੇ ਬਿਆਨ ਵਿਚੋਂ ਇਸ ਹਿੱਸੇ ਨੂੰ ਕੱਟ ਦਿੱਤਾ। ਬਾਅਦ ਵਿਚ ਸਾਂਡਰਸ ਕਤਲ ਕੇਸ ਦੌਰਾਨ ਦਿੱਤੇ ਬਿਆਨ ਵਿਚ ਭਗਤ ਸਿੰਘ ਨੇ ਇਨਕਲਾਬ ਨੂੰ ਪਰਿਭਾਸ਼ਤ ਕਰਦਿਆਂ ਕਿਹਾ, "ਪਿਸਤੌਲ ਅਤੇ ਬੰਬ ਇਨਕਲਾਬ ਨਹੀਂ ਲਿਆਉਂਦੇ, ਸਗੋਂ ਇਨਕਲਾਬ ਦੀ ਤਲਵਾਰ, ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ। ਸਾਡੇ ਇਨਕਲਾਬ ਦਾ ਮਤਲਬ, ਪੂੰਜੀਵਾਦੀ ਲੜਾਈਆਂ ਦੀ ਮੁਸੀਬਤ ਦਾ ਅੰਤ ਕਰਨਾ ਹੈ।"[15]

ਭਗਤ ਸਿੰਘ ਜਿਸ ਇਨਕਲਾਬੀ ਸਮਾਜਵਾਦ ਦੀ ਸਥਾਪਨਾ ਦਾ ਸੁਪਨਾ ਦੇਖ ਰਿਹਾ ਸੀ, ਉਸ ਪਿੱਛੇ ਉਸ ਦੀ ਮਾਰਕਸੀ ਵਿਚਾਰਧਾਰਾ ਕੰਮ ਕਰਦੀ ਹੈ। "ਨਾਵਲ ਪੜ੍ਹ ਕੇ ਪਤਾ ਲੱਗਦਾ ਹੈ ਕਿ ਭਗਤ ਸਿੰਘ ਦੀ ਵਿਚਾਰਧਾਰਾ ਧਾਰਮਿਕ ਰਾਸ਼ਟਰਵਾਦੀ ਮਾਹੌਲ ਵਿਚੋਂ ਦੀ ਗੁਜ਼ਰਦੀ ਹੋਈ ਅਤੇ ਕੌਮੀ ਦਹਿਸ਼ਤਪਸੰਦੀ ਨੂੰ ਪਿਛਾਂਹ ਛੱਡਦੀ ਹੋਈ ਅਖ਼ੀਰ

ਅੰਤਰ-ਰਾਸ਼ਟਰੀ ਸਮਾਜਵਾਦ ਦਾ ਰਾਹ ਫੜ੍ਹ ਲੈਂਦੀ ਹੈ।"[16] ਲੇਖਕ ਦੱਸਦਾ ਹੈ ਕਿ ਭਗਤ ਸਿੰਘ ਅੰਤਰ-ਰਾਸ਼ਟਰੀ ਪੱਧਰ 'ਤੇ ਚੱਲ ਰਹੇ ਇਨਕਲਾਬੀ ਸੰਘਰਸ਼ਾਂ ਪ੍ਰਤੀ ਜਾਗਰੂਕ ਹੈ ਤੇ ਆਪਣੀ ਪਾਰਟੀ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਚੱਲ ਰਹੇ ਇਨ੍ਹਾਂ ਸੰਘਰਸ਼ਾਂ ਨਾਲ਼ ਜੋੜਨਾ ਚਾਹੁੰਦਾ ਹੈ। ਲਾਹੌਰ ਸਾਜਿਸ਼ ਕੇਸ ਵਿਚ ਚੱਲ ਰਹੀ ਅਦਾਲਤੀ ਬਹਿਸ ਦੌਰਾਨ ਭਗਤ ਸਿੰਘ ਜੱਜ ਨੂੰ ਇਕ ਚਿੱਠੀ ਦਿੰਦਾ ਹੈ ਅਤੇ ਉਹ ਇਹ ਚਿੱਠੀ ਤੀਜੀ ਇੰਟਰਨੈਸ਼ਨਲ ਦੇ ਪ੍ਰਧਾਨ ਨੂੰ ਮਾਸਕੋ ਭੇਜਣ ਲਈ ਕਹਿੰਦਾ ਹੈ। ਜਿਸ ਵਿਚ ਉਹ ਲੈਨਿਨ ਦਿਵਸ ਸੰਬੰਧੀ ਵਿਚਾਰ ਪੇਸ਼ ਕਰਦਾ ਲਿਖਦਾ ਹੈ, "ਲੈਨਿਨ ਦਿਵਸ ਦੇ ਮੌਕੇ 'ਤੇ ਅਸੀਂ ਸੋਵੀਅਤ ਰੂਸ ਵਿਚ ਹੋ ਰਹੇ ਮਹਾਨ ਤਜਰਬੇ ਦੀ,...ਸਾਥੀ ਲੈਨਿਨ ਦੀ ਸਫਲਤਾ ਨੂੰ ਦਿਲੀ ਮੁਬਾਰਕਾਂ ਭੇਜ ਰਹੇ ਹਾਂ। ਸੰਸਾਰ ਇਨਕਲਾਬੀ ਲਹਿਰ ਨਾਲ਼ ਅਸੀਂ ਆਪਣੇ ਆਪ ਨੂੰ ਜੋੜਨਾ ਚਾਹੁੰਦੇ ਹਾਂ। ਮਜ਼ਦੂਰਾਂ ਦੇ ਰਾਜ ਦੀ ਜੈ ਹੋਵੇ। ਸਰਮਾਏਦਾਰੀ ਦੀ ਖੈ ਹੋਵੇ।....ਸਾਮਰਾਜ-ਮੁਰਦਾਬਾਦ।"[17] ਮਾਰਕਸੀ ਵਿਚਾਰਧਾਰਾ ਸਮੁੱਚੇ ਢਾਂਚੇ ਨੂੰ ਨਿਯਮਬੱਧ ਢੰਗ ਨਾਲ਼ ਚਲਾਉਣਾ ਚਾਹੁੰਦੀ ਹੈ ਜਿਸ ਲਈ ਉਤਪਾਦਨ ਦੇ ਸਾਧਨਾਂ ਦੀ ਬਰਾਬਰ ਵੰਡ ਹੋਣੀ ਚਾਹੀਦੀ ਹੈ। "ਮਾਰਕਸਵਾਦ ਸਮਾਜਵਾਦੀ ਇਨਕਲਾਬ ਦਾ ਫਲਸਫਾ ਹੈ। ਇਨਕਲਾਬ ਦਾ ਅਰਥ ਹੈ- ਕਿਸੇ ਸਮਾਜਿਕ ਆਰਥਿਕ ਵਿਵਸਥਾ ਦੀ ਦੂਸਰੀ ਸਮਾਜਿਕ ਆਰਥਿਕ ਵਿਵਸਥਾ ਵਿਚ ਸਿਫ਼ਤੀ ਤਬਦੀਲੀ।"[18] ਇਸ ਮਾਰਕਸੀ ਵਿਚਾਰਧਾਰਾ ਨੂੰ ਪ੍ਰਣਾਇਆ ਭਗਤ ਸਿੰਘ ਆਪਣਾ ਮਨੋਰਥ ਅਜ਼ਾਦੀ ਪ੍ਰਾਪਤੀ ਤੱਕ ਹੀ ਸੀਮਤ ਨਹੀਂ ਕਰਦਾ ਸਗੋਂ ਉਹ ਅਜ਼ਾਦੀ ਪ੍ਰਾਪਤੀ ਤੋਂ ਬਾਅਦ ਦੇ ਭਾਰਤ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਬਿਰਤਾਂਤਕਾਰ ਨੇ ਭਗਤ ਸਿੰਘ ਦੀ ਵਿਚਾਧਾਰਾ ਵਿਚੋਂ ਭਾਰਤ ਦੇ ਆਦਰਸ਼ਕ ਭਵਿੱਖ ਲਈ ਰਣਨੀਤੀ ਸੋਚਣ ਵਾਲ਼ੇ ਦੂਰਅੰਦੇਸ਼ੀ ਭਗਤ ਸਿੰਘ ਦੇ ਬਿੰਬ ਦੀ ਸਿਰਜਨਾ ਕੀਤੀ ਹੈ। ਜੋ ਅਜ਼ਾਦੀ ਤੋਂ ਬਾਅਦ ਬਰਾਬਰੀ ਵਾਲੇ ਸਮਾਜ ਦੀ ਸਥਾਪਤੀ ਦਾ ਸੁਪਨਾ ਸਿਰਜਦਾ ਹੈ, ਇਸੇ ਲਈ ਉਹ ਆਪਣੇ ਪਾਰਟੀ ਦੇ ਮਨੋਰਥਾਂ ਵਿਚ ਸਮਾਜਵਾਦੀ ਸਮਾਜ ਦੀ ਪ੍ਰਾਪਤੀ ਦਾ ਲਕਸ਼ ਜੋੜਦਾ ਹੈ।

"ਬਿਨਾਂ ਸ਼ੱਕ ਆਜ਼ਾਦੀ ਸਾਡਾ ਉਦੇਸ਼ ਹੈ। ਆਜ਼ਾਦੀ ਤੋਂ ਸਾਡਾ ਭਾਵ ਕੀ ਹੈ, ਇਹ ਸਾਡੇ ਮਨਾਂ ਵਿਚ ਸਾਫ਼ ਹੋਣਾ ਚਾਹੀਦਾ ਹੈ। ਅੰਗਰੇਜ਼ ਵਾਇਸਰਾਏ ਨੂੰ ਹਟਾ ਕੇ, ਉਸਦੀ ਥਾਂ ਕਿਸੇ ਭਾਰਤੀ ਨੂੰ ਬਿਠਾ ਦੇਣ ਨਾਲ਼ ਕੀ ਆਜ਼ਾਦੀ ਦੀ ਸਮੱਸਿਆ ਹੱਲ ਹੋ ਜਾਏਗੀ? ਨਹੀਂ ਹੋਵੇਗੀ, ਪੰਡਤ ਜੀ ਮੈਂ ਕਹਿੰਦਾ ਹਾਂ। ਸਾਨੂੰ ਤਹਿ ਕਰਨਾ ਹੋਏਗਾ, ਇਹ ਆਰਥਿਕ ਨਾ ਬਰਾਬਰੀ, ਮਨੁੱਖ ਹੱਥੋਂ ਮਨੁੱਖ ਦਾ ਸ਼ੋਸ਼ਣ ਇਸ ਦਾ ਅੰਤ ਕਿਵੇਂ ਹੋਵੇਗਾ। ਮਜ਼ਦੂਰਾਂ ਤੇ

ਕਿਸਾਨਾਂ ਦੀ ਸਰਕਾਰ ਕਿਵੇਂ ਬਣੇਗੀ। ਆਉਣ ਵਾਲੇ ਸਮਾਜ ਦੀ ਰੂਪ ਰੇਖਾ ਕੀ ਹੋਵੇਗੀ?"[19] ਬਿਰਤਾਂਤਕਾਰ ਅਨੁਸਾਰ ਇਸ ਦਾ ਹੱਲ ਭਗਤ ਸਿੰਘ ਆਜ਼ਾਦ ਭਾਰਤ ਦੀ ਵਾਂਗਡੋਰ ਇਨਕਲਾਬੀਆਂ ਦੇ ਹੱਥਾਂ 'ਚ ਹੋਣ ਵਿਚ ਦੇਖਦਾ ਹੈ। ਉਹ ਸਮਝਦਾ ਹੈ ਕਿ ਸਮਾਜਵਾਦ ਦੀ ਸਥਾਪਨਾ ਲਈ ਸੱਤਾ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਥਾਂ ਵਿਚ ਹੋਵੇ। ਇਸ ਮਕਸਦ ਲਈ ਉਨ੍ਹਾਂ ਵਿਚ ਰਾਜਸੀ ਚੇਤਨਾ ਦੀ ਲੋੜ ਹੈ ਜਿਸ ਲਈ ਉਹ ਆਪਣੀ 'ਹਿੰਦੁਸਤਾਨ ਰੀਪਬਲੀਕਨ ਐਸੋਸੀਏਸ਼ਨ' ਦੀ ਥਾਂ 'ਹਿੰਦੁਸਤਾਨ ਸੋਸਲਿਸਟ ਰੀਪਬਲੀਕਨ ਐਸੋਸੀਏਸਨ' ਦੀ ਤਜ਼ਵੀਜ ਪੇਸ਼ ਕਰਦਾ ਹੈ। ਭਗਤ ਸਿੰਘ ਦਾ ਮੂਲ ਮਨੋਰਥ ਬਰਾਬਰੀ ਵਾਲ਼ੇ ਸਮਾਜ ਦੀ ਸਥਾਪਨਾ ਲਈ ਲੜਨਾ ਸੀ।

ਭਗਤ ਸਿੰਘ ਦੇ ਨਾਇਕਤਵ ਦੇ ਉਭਾਰ ਲਈ ਬਿਰਤਾਂਤਕਾਰ ਨੇ ਜਿੱਥੇ ਉਸਦੀ ਵਿਚਾਰਧਾਰਾ ਤੇ ਵਿਚਾਰਧਾਰਕ ਪ੍ਰਕਾਰਜਾਂ ਨੂੰ ਨਾਵਲ ਦਾ ਆਧਾਰ ਬਣਾਇਆ ਹੈ ਉੱਥੇ ਸਮਕਾਲੀ ਰਾਜਨੀਤਕ ਪ੍ਰਸੰਗ ਦੀ ਭੂਮਿਕਾ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਹੈ। ਜਦੋਂ ਭਗਤ ਸਿੰਘ ਤੇ ਉਸ ਦੇ ਸਾਥੀ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਦੀ ਲੜਾਈ ਲੜ ਰਹੇ ਸਨ, ਠੀਕ ਉਸੇ ਸਮੇਂ ਭਾਰਤ ਦੀਆਂ ਰਾਜਨੀਤਕ ਪਾਰਟੀਆਂ ਕਾਂਗਰਸ ਤੇ ਮੁਸਲਮ ਲੀਗ ਵੀ ਸਰਗਰਮ ਸਨ। ਬਿਰਤਾਂਤਕਾਰ ਅਨੁਸਾਰ ਇਹ ਪਾਰਟੀਆਂ ਭਾਵੇਂ ਅੰਗਰੇਜ਼ਾਂ ਦੇ ਵਿਰੁੱਧ ਸਨ ਪਰ ਇਨ੍ਹਾਂ ਦਾ ਮੁੱਖ ਮੰਤਵ ਆਪਣੀ ਸੱਤਾ ਪ੍ਰਾਪਤੀ ਤੱਕ ਸੀਮਤ ਸੀ। ਕਾਂਗਰਸ ਪਾਰਟੀ ਵਿਚ ਗਾਂਧੀ ਦਾ ਦਬਦਬਾ ਕਾਇਮ ਹੋ ਗਿਆ ਸੀ ਜੋ ਅਹਿੰਸਾ ਦਾ ਪੁਜਾਰੀ ਸੀ। ਮਹਾਤਮਾ ਗਾਂਧੀ ਤੇ ਕਾਂਗਰਸ ਪਾਰਟੀ ਨਾਲ਼ ਵਿਚਾਰਾਂ ਦੇ ਮਤਭੇਦ ਵਿਚੋਂ ਬਿਰਤਾਂਤਕਾਰ ਨੇ ਭਗਤ ਸਿੰਘ ਦੀ ਵਿਚਾਰਧਾਰਕ ਪ੍ਰਤੀਬੱਧਤਾ ਨੂੰ ਉਭਾਰਿਆ ਹੈ। ਭਗਤ ਸਿੰਘ ਤੇ ਉਸ ਦੇ ਸਾਥੀ ਸ਼ਪੱਸ਼ਟ ਰੂਪ ਵਿਚ ਗਾਂਧੀ ਦੀ ਅੰਗਰੇਜ਼ਾਂ ਅੱਗੇ ਹੱਥ ਜੋੜਨ ਦੀ ਨੀਤੀ ਦਾ ਵਿਰੋਧ ਕਰਦੇ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਲਾਉਂਦੇ ਹਨ। ਭਗਤ ਸਿੰਘ ਮਹਾਤਮਾ ਗਾਂਧੀ ਬਾਰੇ ਵਿਚਾਰ ਪੇਸ਼ ਕਰਦਾ ਕਹਿੰਦਾ ਹੈ, "ਅਜੇ ਤੱਕ ਮੈਂ ਗਾਂਧੀ ਦੀ ਪੈਂਤੜੇਬਾਜ਼ੀ ਅਤੇ ਅਹਿੰਸਾ ਨੀਤੀ ਦੀ ਨੈਤਿਕਤਾ ਬਾਰੇ ਇਹੀ ਸਮਝ ਸਕਿਆਂ ਹਾਂ, ਕਿ ਗਾਂਧੀ ਅਤੇ ਉਸ ਦੇ ਦੁਆਲੇ ਦੀ ਭੀੜ ਸਿਰੇ ਦੀ ਸਿਆਸਤਦਾਨ ਹੈ। ਇੱਕ ਸੱਚਾ ਦੇਸ਼ਭਗਤ ਅਤੇ ਕ੍ਰਾਂਤੀਕਾਰੀ ਆਪਣੀ ਜਾਨ ਦੀ ਬਲੀ ਦੇ ਕੇ, ਆਪਣੇ ਆਦਰਸ਼ਾਂ ਤੇ ਪਹਿਰਾ ਦਿੰਦਾ ਹੈ। ਜਦੋਂ ਕਿ ਇਕ ਸਿਆਸਤਦਾਨ ਆਪਣੀ ਕੁਰਸੀ ਬਚਾਈ ਰੱਖਣ ਦੀ ਤਾਕ ਵਿਚ ਰਹਿੰਦਾ ਹੈ। ਇਹ ਅਹਿੰਸਾਵਾਦੀ ਦੋਵੇਂ ਹੱਥ ਜੋੜ ਕੇ ਅੰਗਰੇਜ਼ਾਂ ਨੂੰ 'ਜੀ ਆਇਆਂ' ਆਖਦੇ ਹਨ। ਕ੍ਰਾਂਤੀਕਾਰੀ ਅੰਗਰੇਜ਼ਾਂ ਨੂੰ ਲੋਹੇ ਦੇ

ਘਸੁੰਨ ਦਿਖਾਉਂਦੇ ਹਨ। ਅਹਿੰਸਾ ਦੀ ਆੜ ਵਿਚ ਗਾਂਧੀ ਬਾਬਾ ਆਪਣੀ ਕਾਇਰਤਾ ਨੂੰ ਛੁਪਾਉਂਦਾ ਹੈ। ਗਾਂਧੀ ਦੀ ਅਹਿੰਸਾ ਤਾਂ ਲੁਟੇਰਿਆ ਨੂੰ ਖਾਣਾ ਪਰੋਸ ਕੇ ਖਵਾਉਣ ਵਾਂਗ ਹੈ।"[20]

ਨਾਵਲੀ ਬਿਰਤਾਂਤ ਦੇ ਹਵਾਲਿਆਂ ਅਨੁਸਾਰ 1928 ਦੇ ਕਾਂਗਰਸ ਦੇ ਕਲਕੱਤੇ ਵਿਖੇ ਹੋਏ ਇਜਲਾਸ 'ਚ ਕਾਂਗਰਸ 'ਪੂਰਨ ਸਵਰਾਜ' ਦੀ ਥਾਂ 'ਡੋਮੀਨੀਅਨ ਸਟੇਟ' ਬਾਰੇ ਬਹਿਸ ਕਰਦੀ ਹੈ ਤੇ ਦੂਜੇ ਪਾਸੇ ਅੰਗਰੇਜ਼ ਸਰਕਾਰ ਭਾਰਤੀਆਂ ਤੇ ਥੋਪਣ ਲਈ 'ਪਬਲਿਕ ਸੇਫ਼ਟੀ ਬਿੱਲ' ਅਤੇ 'ਟਰੇਡ ਡਿਸਪਿਊਟ ਬਿੱਲ' ਦਾ ਪ੍ਰਸਤਾਵ ਪਾਸ ਕਰਦੀ ਹੈ। ਇਹ ਦੋਵੇਂ ਬਿੱਲ ਭਾਰਤੀਆਂ ਦੇ ਵਿਰੋਧ ਕਰਨ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਸੀ। ਭਗਤ ਸਿੰਘ ਇਸ ਬਾਰੇ ਆਪਣਾ ਪ੍ਰਤੀਕਰਮ ਅੰਗਰੇਜ਼ ਹਾਕਮਾਂ ਦੇ ਬੋਲੇ ਕੰਨਾਂ ਤੱਕ ਗੂੰਜ ਪਹੁੰਚਾਉਣ ਲਈ ਅਸੈਂਬਲੀ ਵਿਖੇ ਬੰਬ ਧਮਾਕਾ ਕਰਨ ਵਜੋਂ ਦਿੰਦਾ ਹੈ। ਨਾਵਲੀ ਬਿਰਤਾਂਤ ਵਿਚੋਂ ਇਸ ਸੰਬੰਧੀ ਭਗਤ ਸਿੰਘ ਦੇ ਵਿਚਾਰ ਕਲਕੱਤੇ ਵਿਖੇ ਪ੍ਰਤੁਲ ਚੰਦਰ ਗਾਂਗੁਲੀ ਨਾਲ਼ ਵਾਰਤਾਲਾਪ ਵਿਚੋਂ ਦੇਖੇ ਜਾ ਸਕਦੇ ਹਨ, "ਸਰ, ਅੰਗਰੇਜ਼ੀ ਹਕੂਮਤ ਦਿੱਲੀ ਦੀ ਅਸੈਂਬਲੀ ਵਿਚ, ਭਾਰਤੀ ਲੋਕਾਂ ਨੂੰ ਜਕੜਨ ਲਈ ਦੋ ਬਿੱਲ ਪਾਸ ਕਰਵਾਉਣਾ ਚਾਹੁੰਦੀ ਹੈ। ਉਹ ਵੀ ਭਾਰਤ ਦੇ ਚੁਣੇ ਨੇਤਾਵਾਂ ਤੋਂ। ਜੇ ਬਿੱਲ ਪਾਸ ਨਹੀਂ ਹੋਣਗੇ ਤਾਂ ਵਾਇਸਰਾਇ ਦੇ ਆਪਣੇ ਵਿਸ਼ੇਸ਼ ਅਧਿਕਾਰਾਂ ਨਾਲ਼ ਬਿੱਲ ਪਾਸ ਹੋਣਗੇ। ਮੇਰੀ ਇੱਛਾ ਹੈ, ਠੀਕ ਉਸ ਸਮੇਂ, ਜਦੋਂ ਅਸੈਂਬਲੀ ਵਿਚ ਬਿੱਲ ਪਾਸ ਹੋਣ ਦੀ ਕਾਰਵਾਈ ਚੱਲ ਰਹੀ ਹੋਵੇ, ਬੰਬ ਧਮਾਕੇ ਕੀਤੇ ਜਾਣ। ਬੰਬ ਕੇਵਲ ਧਮਾਕੇ ਵਾਲ਼ੇ ਹੋਣ। ਅੰਗਰੇਜ਼ ਸਮਝ ਜਾਣਗੇ, ਭਾਰਤ ਦੇ ਲੋਕ ਐਨੇ ਵੀ ਕਾਇਰ ਨਹੀਂ ਹਨ ਕਿ ਉਨ੍ਹਾਂ ਦਾ ਹਰ ਜ਼ੁਲਮ ਅੱਖਾਂ ਬੰਦ ਕਰਕੇ ਸਹਿ ਲੈਣਗੇ।"[21] ਇਸ ਤਰ੍ਹਾਂ ਭਗਤ ਸਿੰਘ ਅਗਰੇਜ਼ ਸਰਕਾਰ ਨੂੰ ਭਾਰਤੀਆਂ ਦੀ ਅਣਖ ਤੇ ਦਲੇਰੀ ਨਾਲ਼ ਵੰਗਾਰ ਕੇ ਗ੍ਰਿਫ਼ਤਾਰ ਹੋਣ ਦਾ ਮਤਾ ਆਪਣੀ ਪਾਰਟੀ ਅੱਗੇ ਪੇਸ਼ ਕਰਦਾ ਹੈ ਤਾਂ ਜੋ ਸਰਕਾਰ ਉਸ ਉੱਤੇ ਮੁਕੱਦਮਾ ਚਲਾਏ ਤੇ ਉਹ ਅਦਾਲਤ ਨੂੰ ਆਪਣੇ ਵਿਚਾਰਾਂ ਦੇ ਫੈਲਾਅ ਲਈ ਇਕ ਮੰਚ ਵਜੋਂ ਵਰਤ ਸਕੇ। ਇਸ ਤਰ੍ਹਾਂ ਭਗਤ ਸਿੰਘ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਆਪਣਾ ਆਪਾ ਕੁਰਬਾਨ ਕਰਨ ਦੇ ਜਜ਼ਬੇ ਵਾਲ਼ੇ ਨਾਇਕ ਵਜੋਂ ਉਭਰਦਾ ਹੈ।

ਬਿਰਤਾਂਤਕਾਰ ਨੇ ਭਗਤ ਸਿੰਘ ਦੇ ਨਾਇਕਤਵ ਨੂੰ ਉਭਾਰਨ ਲਈ ਉਸ ਦੀ ਧਰਮ ਅਤੇ ਰੱਬ ਪ੍ਰਤੀ ਵਿਚਾਰਧਾਰਾ ਨੂੰ ਵੀ ਆਧਾਰ ਬਣਾਇਆ ਹੈ। ਉਸ ਸਮੇਂ ਭਾਰਤ ਵਿਚ ਸਥਾਪਤ ਅੰਗਰੇਜ਼ੀ ਸਾਮਰਾਜੀ ਤਾਕਤਾਂ ਆਮ ਲੋਕਾਂ ਨੂੰ ਧਰਮ ਦੇ ਆਧਾਰ 'ਤੇ ਵਰਗਾਂ ਵਿਚ ਵੰਡ ਫਿਰਕੂ ਨਫ਼ਰਤੀ ਦੰਗਿਆਂ ਨੂੰ ਅੰਜਾਮ ਦੇ ਰਹੀਆਂ ਸਨ। ਅਜਿਹੇ ਸਮੇਂ

ਭਗਤ ਸਿੰਘ ਸਾਮਰਾਜੀ ਤਾਕਤਾਂ ਦਾ ਬਦਲ ਸਮਾਜਵਾਦ ਵਿਚ ਦੇਖਦਾ ਹੈ। ਬਰਾਬਰੀ ਦੇ ਸਮਾਜ ਦਾ ਸੁਪਨਾ ਲੈਣ ਵਾਲਾ ਨੌਜਵਾਨ ਭਗਤ ਸਿੰਘ ਧਰਮ ਦੇ ਇਸ ਤਰ੍ਹਾਂ ਦੇ ਫਿਰਕਾਪ੍ਰਸਤੀ ਪ੍ਰਧਾਨ ਰੂਪ ਤੋਂ ਨਫ਼ਰਤ ਕਰਦਾ ਹੈ ਅਤੇ ਇਨ੍ਹਾਂ ਨੂੰ ਰਾਸ਼ਟਰੀ ਏਕਤਾ ਵਿਚ ਫੁੱਟ ਪਾਉਣ ਲਈ ਅੰਗਰੇਜ਼ਾਂ ਦੁਆਰਾ ਖੇਡੀ ਚਾਲ ਸਮਝਦਾ ਹੈ। ਭਗਤ ਸਿੰਘ ਮੰਨਦਾ ਹੈ ਬਰਾਬਰੀ ਦੇ ਸਮਾਜ ਦਾ ਸੁਪਨਾ ਪੂਰਾ ਕਰਨ ਲਈ ਲੋਕਾਂ ਵਿਚ ਇਨਕਲਾਬੀ ਚੇਤਨਾ ਦੀ ਜੋਤ ਜਗਾਉਣੀ ਪੈਣੀ ਹੈ। ਉਹ ਪਰਮਾਤਮਾ ਦੀ ਹੋਂਦ ਉੱਤੇ ਸਵਾਲੀਆ ਚਿੰਨ੍ਹ ਲਗਾਉਂਦੇ ਹੋਏ ਕਹਿੰਦਾ ਹੈ ਕਿ "ਕਿੰਨੇ ਮੂਰਖ ਬਣ ਜਾਂਦੇ ਹਾਂ ਅਸੀਂ'....ਭਗਤ ਸਿੰਘ ਦੁਖੀ ਹੁੰਦਾ ਹੈ। ਈਸ਼ਵਰ ਦੇ ਨਾਮ 'ਤੇ ਲੜਨ ਲੱਗਦੇ ਹਾਂ। ਸ਼ਾਸਤਰੀ ਜੀ ਜਦੋਂ ਤੱਕ ਈਸ਼ਵਰ ਦਾ ਬੋਲ-ਬਾਲਾ ਰਹੇਗਾ, ਉਦੋਂ ਤੱਕ ਕਦੇ ਵੀ ਇਨਸਾਨਾਂ ਵਿਚ ਭਾਈਚਾਰਾ ਨਹੀਂ ਵੱਧ ਸਕੇਗਾ। ਜੇ ਮਨੁੱਖ ਨੂੰ ਏਕਤਾ ਅਤੇ ਭਾਈਚਾਰੇ ਦੇ ਸੂਤਰ ਵਿਚ ਬੰਨ੍ਹਣਾ ਹੈ ਤਾਂ ਮਨੁੱਖੀ ਸਮਾਜ ਨੂੰ 'ਪਰਮਾਤਮਾ' ਦੀ ਹੋਂਦ ਤੋਂ ਮੁਕਤੀ ਦਿਵਾਉਣੀ ਪਵੇਗੀ। ਈਸ਼ਵਰ ਤੋੜਦਾ ਹੈ, ਜੋੜਦਾ ਨਹੀਂ। ਜੇ ਦੇਸ਼ ਵਿਚ ਦੰਗੇ ਹੋਏ ਹੀ ਹਨ, ਤਾਂ ਕਿਉਂ ਨਾ ਹਿੰਦੂ ਮੁਸਲਿਮ ਦੀ ਥਾਂ, ਅਮੀਰਾਂ ਤੇ ਗਰੀਬਾਂ ਦਰਮਿਆਨ ਦੰਗੇ ਹੋਣ, ਤਾਂ ਕਿ ਲੋਕ ਆਪਣੇ ਦੋਸਤ ਤੇ ਦੁਸ਼ਮਣ ਨੂੰ ਚੰਗੀ ਤਰ੍ਹਾਂ ਪਹਿਚਾਣ ਲੈਣ ਅਤੇ ਉਹਨਾਂ ਵਿਚ ਹਕੀਕੀ ਇਨਕਲਾਬੀ ਚੇਤਨਾ ਪੈਦਾ ਹੋ ਸਕੇ।"[22] ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਆਜ਼ਾਦੀ ਦੀ ਜੰਗ ਨੂੰ ਚੇਤਨ ਪੱਧਰ 'ਤੇ ਸਿਰ ਧੜ ਦੀ ਬਾਜ਼ੀ ਨਾਲ਼ ਜਿੱਤਣ ਦੀ ਪ੍ਰੇਰਣਾ ਦਿੰਦੀ ਸੀ। ਭਗਤ ਸਿੰਘ ਪਰਮਾਤਮਾ ਦੀ ਹੋਂਦ ਨੂੰ ਨਹੀਂ ਮੰਨਦਾ ਸਗੋਂ ਉਹ ਮੰਨਦਾ ਸੀ ਕਿ ਭਾਰਤ ਦੀ ਗੁਲਾਮੀ ਨੂੰ ਪਰਮਾਤਮਾ ਦੀ ਮਰਜ਼ੀ ਮੰਨਣ ਵਾਲੇ ਇਸ ਦੀ ਆਜ਼ਾਦੀ ਦੀ ਲੜਾਈ ਇਮਾਨਦਾਰੀ ਨਾਲ਼ ਨਹੀਂ ਲੜ ਸਕਦੇ। ਇਸ ਸੰਬੰਧੀ ਭਗਤ ਸਿੰਘ ਦੇ ਵਿਚਾਰ ਫਨਿੰਦਰ ਨਾਥ ਘੋਸ਼ ਨਾਲ਼ ਹੋਈ ਵਾਰਤਾਲਾਪ ਵਿਚੋਂ ਹੋਰ ਵੀ ਸ਼ਪੱਸ਼ਟ ਹੁੰਦੇ ਹਨ:-

"ਆਪ ਸਰਬ ਸ਼ਕਤੀਮਾਨ ਰੱਬ ਦੀ ਗੱਲ ਕਰਦੇ ਹੋ, ਮੈਂ ਪੁੱਛਦਾ ਹਾਂ....ਤੁਹਾਡਾ ਰੱਬ ਸਰਬ-ਸ਼ਕਤੀਮਾਨ ਹੋ ਕੇ ਵੀ, ਅਨਿਆਂ, ਅਤਿਆਚਾਰ, ਭੁੱਖ, ਗਰੀਬੀ, ਲੁੱਟ, ਗੁਲਾਮੀ, ਹਿੰਸਾ, ਮਹਾਂਮਾਰੀ....ਛੂਆ-ਛਾਤ ...ਇਹਨਾਂ ਦਾ ਅੰਤ ਕਿਉਂ ਨਹੀਂ ਕਰਦਾ। ਜੇ ਉਹ ਇਹ ਸਾਰਾ ਕੁਝ ਖ਼ਤਮ ਨਹੀਂ ਕਰ ਸਕਦਾ ਤਾਂ ਉਸ ਨੂੰ ਚੰਗਾ ਰੱਬ ਨਹੀਂ ਕਿਹਾ ਜਾ ਸਕਦਾ। ਜੇ ਉਹ ਬੇਸਹਾਰਾ ਲੋਕਾਂ ਨੂੰ ਤੜਪਾ ਕੇ ਮਜ਼ੇ ਲੈਂਦਾ ਹੈ ਤੇ ਇਹ ਸਾਰਾ ਕੁਝ ਆਪਣੀ ਲੀਲ੍ਹਾ ਵਿਖਾਉਣ

ਲਈ ਕਰਦਾ ਹੈ-ਤਾਂ ਉਹ ਨਿਰਦਈ ਹੈ ਜ਼ਾਲਮ ਹੈ। ਉਸ ਦਾ ਜਲਦੀ ਤੋਂ ਜਲਦੀ ਖ਼ਤਮ ਹੋਣਾ ਲੋਕਾਂ ਦੇ ਹਿੱਤਾਂ ਵਿਚ ਹੈ।"[23]

ਨਾਇਕ ਹਮੇਸ਼ਾ ਨਿੱਜ ਤੋਂ ਉੱਪਰ ਉੱਠ ਮਾਨਵ ਕਲਿਆਣ ਨੂੰ ਪ੍ਰਣਾਇਆ ਹੁੰਦਾ ਹੈ। ਨਾਇਕ ਸੰਬੰਧੀ ਬਣੀ ਇਹ ਧਾਰਨਾ ਭਗਤ ਸਿੰਘ ਤੇ ਪੂਰੀ ਤਰ੍ਹਾਂ ਢੁੱਕਦੀ ਹੈ। ਉਸ ਦਾ ਕਿਰਦਾਰ ਹਮੇਸ਼ਾਂ ਦੇਸ਼-ਹਿੱਤ ਨੂੰ ਪ੍ਰਣਾਇਆ ਰਿਹਾ ਹੈ। ਉਹ ਪਰਿਵਾਰ ਤੇ ਨਿੱਜੀ ਜ਼ਿੰਦਗੀ ਨੂੰ ਬਹੁਤ ਪਿੱਛੇ ਛੱਡ ਦੇਸ਼ ਲਈ ਕੁਰਬਾਨੀ ਦੇ ਜਜ਼ਬੇ ਨਾਲ਼ ਭਰਪੂਰ ਆਜ਼ਾਦੀ ਸੰਗਰਾਮ ਵਿਚ ਸ਼ਾਮਿਲ ਹੁੰਦਾ ਹੈ। ਭਗਤ ਸਿੰਘ ਨੇ ਆਪਣੀ ਪਾਰਟੀ ਦੇ ਮੈਨੀਫੈਸਟੋ ਵਿਚ ਵੀ ਪਾਰਟੀ ਵਰਕਰਾਂ ਨੂੰ ਨਿੱਜ ਤੋਂ ਉੱਪਰ ਉੱਠਣ ਦਾ ਏਜੰਡਾ ਸ਼ਾਮਿਲ ਕੀਤਾ ਸੀ। ਉਹ ਚਾਹੁੰਦਾ ਸੀ ਕ੍ਰਾਂਤੀਕਾਰੀ ਨੌਜਵਾਨਾਂ ਨੂੰ ਨਿੱਜੀ ਜ਼ਿੰਦਗੀ ਛੱਡ ਦੇਸ਼ ਲਈ ਆਜ਼ਾਦੀ ਦੇ ਸੰਘਰਸ਼ ਵਿਚ ਸ਼ਾਮਿਲ ਹੋਣ ਲਈ ਆਪਣੇ ਆਪ ਨੂੰ ਦੇਸ਼ ਲਈ ਸਮਰਪਿਤ ਕਰਨਾ ਚਾਹੀਦਾ ਹੈ। ਨਿੱਜੀ ਜ਼ਿੰਦਗੀ ਪ੍ਰਤੀ ਲਗਾਵ ਕ੍ਰਾਂਤੀਕਾਰੀ ਨੂੰ ਕਮਜ਼ੋਰ ਕਰ ਦਿੰਦਾ ਹੈ। "ਪਾਰਟੀ ਵਰਕਰਾਂ ਨੂੰ ਨਿੱਜਵਾਦ ਖ਼ਤਮ ਕਰਨਾ ਹੋਵੇਗਾ। ਨਿੱਜੀ ਅਰਾਮ ਦੇ ਸੁਪਨੇ ਲਾਹ ਕੇ ਪਾਸੇ ਕਰਨੇ ਹੋਣਗੇ।"[24] ਨਾਵਲੀ ਬਿਰਤਾਂਤ ਵਿਚ ਆਪਣੇ ਆਖ਼ਰੀ ਸਮੇਂ ਸਜ਼ਾ ਮਾਫ਼ੀ ਲਈ ਪਿਤਾ ਕਿਸ਼ਨ ਸਿੰਘ ਵੱਲੋਂ ਕੀਤੀਆਂ ਕੋਸ਼ਿਸ਼ਾਂ ਦਾ ਭਗਤ ਸਿੰਘ ਵਿਰੋਧ ਕਰਦਾ ਹੈ ਤੇ ਆਪਣੇ ਪਿਤਾ ਨੂੰ ਇਕ ਖ਼ਤ ਲਿਖ ਕੇ ਅਜਿਹੇ ਕਾਰਜ ਜੋ ਉਸ ਦੇ ਅਸੂਲਾਂ ਦੇ ਵਿਰੁੱਧ ਹੈ, ਦੀ ਨਿਖੇਧੀ ਕਰਦਾ ਹੈ। ਉਹ ਲਿਖਦਾ ਹੈ:- "ਮੇਰੀ ਜ਼ਿੰਦਗੀ ਏਨੀ ਕੀਮਤੀ ਨਹੀਂ, ਜਿੰਨੀ ਆਪ ਖ਼ਿਆਲ ਕਰਦੇ ਹੋ। ਘੱਟੋ-ਘੱਟ ਮੇਰੇ ਲਈ ਏਨੀ ਕੀਮਤੀ ਨਹੀਂ ਕਿ ਇਸ ਨੂੰ ਅਸੂਲਾਂ ਦੀ ਕੁਰਬਾਨੀ ਕਰਨ ਦੀ ਕੀਮਤ ਤੇ ਬਚਾਇਆ ਜਾਵੇ।"[25] ਨਾਵਲ ਵਿਚ ਹੋਰ ਵੀ ਕਈ ਥਾਈਂ ਅਜਿਹੇ ਵਾਰਤਾਲਾਪ ਆਉਂਦੇ ਹਨ ਜਿੱਥੇ ਸਾਥੀ ਉਸ ਨੂੰ ਪਿੰਡ ਜਾਣ ਬਾਰੇ ਪੁੱਛਦੇ ਹਨ, ਪਰ ਭਗਤ ਸਿੰਘ ਦਾ ਇਕੋ ਜਵਾਬ ਹੁੰਦਾ ਹੈ ਕਿ ਪਿੰਡ ਬਹੁਤ ਦੂਰ ਰਹਿ ਗਿਆ ਹੈ। ਭਗਤ ਸਿੰਘ ਦੇ ਲਈ ਦੇਸ਼ ਤੇ ਉਸਦੀ ਪਾਰਟੀ ਉਸ ਦੇ ਨਿੱਜ ਤੋਂ ਵਧੇਰੇ ਅਹਿਮ ਹਨ।

"ਨੌਜਵਾਨ ਭਾਰਤ ਸਭਾ ਦੀਆਂ ਸਰਗਰਮੀਆਂ ਇਕ ਤਰ੍ਹਾਂ ਨਾਲ਼ ਠੱਪ ਨੇ। ਸਾਰੇ ਸਾਥੀ ਸੋਚਦੇ ਨੇ ਭਗਤ ਸਿੰਘ ਆਏਗਾ ਤਾਂ....'

-ਇਸ ਤਰ੍ਹਾਂ ਕਿਸੇ ਵਿਅਕਤੀ ਨੂੰ ਵਿਸ਼ੇਸ਼ ਅਹਿਮੀਅਤ ਦੇਣ ਦੇ ਮੈਂ ਵਿਰੁੱਧ ਹਾਂ.....ਭਗਤ ਸਿੰਘ ਨਹੀਂ ਹੋਏਗਾ ਤਾਂ ਕੀ ਸਾਰੇ ਕਾਰਜ ਰੁਕ ਜਾਣਗੇ?"[26]

ਭਗਤ ਸਿੰਘ ਇਨਕਲਾਬੀ ਵਿਚਾਰਧਾਰਾ ਵਾਲੇ ਕ੍ਰਾਂਤੀਕਾਰੀ ਵਜੋਂ ਆਪਣਾ ਜੀਵਨ ਦੇਸ਼ ਨੂੰ ਅਰਪਣ ਕਰ ਦਿੰਦਾ ਹੈ। ਉਹ ਆਪਣੇ ਪਰਿਵਾਰ ਤੇ ਨਿੱਜ ਤੋਂ ਵੀ ਉੱਪਰ ਉੱਠ ਦੇਸ਼ ਹਿੱਤਾਂ ਲਈ ਕੁਰਬਾਨ ਹੋ ਜਾਂਦਾ ਹੈ। ਭਾਵੇਂ ਕ੍ਰਾਂਤੀਕਾਰੀ ਦਾ ਜੀਵਨ ਬੜੇ ਕਠੋਰ ਨਿਯਮਾਂ ਦਾ ਧਾਰਨੀ ਹੁੰਦਾ ਹੈ ਤਾਂ ਵੀ ਬਿਰਤਾਂਤਕਾਰ ਨੇ ਭਗਤ ਸਿੰਘ ਦੇ ਕਠੋਰ ਤੱਪਸਿਆ ਵਾਲੇ ਜੀਵਨ ਦੀ ਝਾਕੀ ਦੇ ਨਾਲ਼-ਨਾਲ਼ ਉਸ ਦੇ ਹਿਰਦੇ ਅੰਦਰਲੀਆਂ ਕੋਮਲ ਭਾਵਨਾਵਾਂ ਨੂੰ ਵੀ ਜ਼ੁਬਾਨ ਦਿੱਤੀ ਹੈ। ਸੁਖਦੇਵ ਨਾਲ਼ ਆਪਣੇ ਵਿਚਾਰਧਾਰਕ ਮਤਭੇਦਾਂ ਬਾਰੇ ਦੁਰਗਾ ਭਾਬੀ ਨਾਲ਼ ਗੱਲਬਾਤ ਕਰਦਿਆਂ ਉਸ ਦੇ ਕੋਮਲ ਵਿਚਾਰ ਵੀ ਉਭਰਦੇ ਹਨ "ਦੇਖੋ ਭਾਬੀ ਸੁਖਦੇਵ ਦੇ ਮਨ ਅੰਦਰ ਕੀ ਹੈ ਮੈਂ ਨਹੀਂ ਜਾਣਦਾ। ਮੈਂ ਤਾਂ ਉਸ ਨੂੰ ਆਪਣਾ ਮਿੱਤਰ ਸਮਝਦਾ ਹਾਂ। ਵਿਚਾਰਾਂ ਦਾ ਵਖਰੇਵਾਂ ਜ਼ਰੂਰ ਹੈ ਸਾਡੇ ਵਿਚ। ਉਹ ਮੇਰੇ ਨਾਲ਼ ਕਈ ਵਾਰ ਇਸ ਗੱਲੋਂ ਨਰਾਜ਼ ਹੋ ਜਾਂਦਾ ਹੈ ਕਿ ਮੈਂ ਸਮਝਦਾ ਹਾਂ, ਕ੍ਰਾਂਤੀਕਾਰੀ ਮਨੁੱਖ ਲੋਹੇ ਦਾ ਨਹੀਂ ਹੁੰਦਾ। ਉਸ ਅੰਦਰ ਮਨੁੱਖੀ ਭਾਵਨਾਵਾਂ ਵੀ ਹੁੰਦੀਆਂ ਨੇ। ਉਸ ਅੰਦਰ ਵੀ ਜਜ਼ਬਾਤ ਦਾ ਹੜ੍ਹ ਠਾਠਾਂ ਮਾਰ ਸਕਦਾ ਹੈ। ਉਹ ਕਹਿੰਦਾ ਹੈ, ਜਜ਼ਬਾਤ ਕ੍ਰਾਂਤੀਕਾਰੀ ਨੂੰ ਕਮਜ਼ੋਰ ਬਣਾ ਦਿੰਦੇ ਨੇ। ਮੈਂ ਉਸ ਨੂੰ ਕ੍ਰਾਂਤੀਕਾਰੀ ਮੇਜਿਨੀ ਦੀ ਮਿਸਾਲ ਦਿੰਦਾ ਹਾਂ। ਉਹ ਜੀਵਨ ਤੋਂ ਨਿਰਾਸ਼ ਹੋ ਗਿਆ ਸੀ, ਉਸ ਦੀ ਪ੍ਰੇਮਿਕਾ ਦੇ ਖਤ ਨੇ ਉਸ ਨੂੰ ਜਿਊਣ ਦੇ ਉਤਸ਼ਾਹ ਅਤੇ ਕੁਰਬਾਨੀ ਦੇਣ ਦੇ ਜਜ਼ਬੇ ਨਾਲ਼ ਭਰ ਦਿੱਤਾ। ਸੁਖਦੇਵ ਮੇਰੇ ਤੇ ਦੂਸ਼ਣ ਲਾਉਂਦਾ ਹੈ, ਕਿ ਭਗਤ ਸਿੰਘ ਦੀ ਮਨੁੱਖੀ ਭਾਵਨਾ ਵਿਚੋਂ ਰੁਮਾਂਸ ਝਲਕਦਾ ਹੈ। ਮੈਂ ਸੁਣ ਕੇ ਹੱਸ ਛੱਡਦਾ ਹਾਂ ਤੇ ਉਸ ਦੀ ਵਿਦਵਤਾ ਦਾ ਆਦਰ ਕਰਦਾ ਹਾਂ।"[27]

ਨਾਵਲੀ ਹਵਾਲਿਆਂ ਅਨੁਸਾਰ ਸਾਮਰਾਜੀ ਪੂੰਜੀਵਾਦੀ ਸਮਾਜ ਵਿਚ ਮਨੁੱਖ ਦੀ ਮਨੁੱਖ ਹੱਥੋਂ ਹੋ ਰਹੀ ਲੁੱਟ ਭਗਤ ਸਿੰਘ ਨੂੰ ਬੇਚੈਨ ਕਰ ਦਿੰਦੀ ਹੈ। ਉਹ ਮਨੁੱਖ ਨੂੰ ਧਰਮ, ਨਸਲ, ਰੰਗ ਤੇ ਜਾਤ ਦੇ ਆਧਾਰ 'ਤੇ ਵੰਡਣ ਦਾ ਵਿਰੋਧੀ ਹੈ ਤੇ ਅਜਿਹੇ ਸਮਾਜ ਦੀ ਸਥਾਪਨਾ ਦਾ ਸੁਪਨਾ ਦੇਖਦਾ ਹੈ ਜਿਸ ਵਿਚ ਸਾਰੇ ਬਰਾਬਰੀ ਦਾ ਦਰਜਾ ਰੱਖਦੇ ਹੋਣ। ਕਲੱਕਤਾ ਵਿਖੇ "ਰਿਕਸ਼ਾ ਖਿੱਚਣ ਵਾਲਿਆਂ ਦੇ ਸੁੱਕੇ ਜਿਸਮ ਅਤੇ ਅੰਦਰ ਵੜੀਆਂ ਜਾਭਾਂ ਦੇਖ ਕੇ ਭਗਤ ਸਿੰਘ ਦੁਖੀ ਮਨ ਨਾਲ਼ ਆਖਦਾ ਹੈ, ਇਨ੍ਹਾਂ ਅੰਗਰੇਜ਼ ਹਾਕਮਾਂ ਨੇ, ਸਾਡੇ ਮਨੁੱਖਾਂ ਨੂੰ ਪਸ਼ੂਆਂ ਨਾਲੋਂ ਬਦਤਰ ਬਣਾ ਦਿੱਤਾ ਹੈ।"[28]

ਬਿਰਤਾਂਤਕਾਰ ਨੇ ਭਗਤ ਸਿੰਘ ਦੇ ਨਾਇਕਤਵ ਨੂੰ ਉਭਾਰਨ ਲਈ ਉਸ ਦੇ ਪਰਿਵਾਰਕ ਪਿਛੋਕੜ, ਭਗਤ ਸਿੰਘ ਦੀ ਮਾਰਕਸੀ ਵਿਚਾਰਧਾਰਾ, ਡੂੰਘੀ ਅਧਿਐਨ ਬਿਰਤੀ ਦੇ ਨਾਲ਼-ਨਾਲ਼ ਉਸ ਦੀ ਸਖ਼ਸ਼ੀਅਤ ਦੇ ਮਹੱਤਵਪੂਰਨ ਪਹਿਲੂਆਂ ਨੂੰ ਆਧਾਰ

ਬਣਾਇਆ ਹੈ। ਭਗਤ ਸਿੰਘ ਦਾ ਦੇਸ਼ ਪ੍ਰਤੀ ਜਨੂੰਨੀ ਲਗਾਵ, ਉਸ ਦੇ ਦ੍ਰਿੜ ਇਰਾਦੇ, ਨਿੱਜਤਾ ਦਾ ਤਿਆਗ, ਸਮਰਪਣ ਦੀ ਭਾਵਨਾ, ਅੰਗਰੇਜ਼ਾਂ ਨਾਲ ਸਿੱਧਾ ਵਿਰੋਧ ਕੁਝ ਅਜਿਹੇ ਗੁਣ ਸਨ ਜਿਨ੍ਹਾਂ ਨੇ ਭਗਤ ਸਿੰਘ ਨੂੰ ਲੋਕ ਨਾਇਕ ਬਣਾ ਦਿੱਤਾ ਸੀ। ਭਗਤ ਸਿੰਘ ਨੂੰ ਫਾਂਸੀ ਦੀ ਸਜ਼ਾ ਦੇ ਐਲਾਨ ਹੁੰਦੇ ਹੀ ਲੱਖਾਂ ਲੋਕਾਂ ਦੀ ਭੀੜ ਸੜਕਾਂ ਤੇ ਉੱਮੜ ਪੈਂਦੀ ਹੈ ਤੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਦੇਸ਼ ਦੇ ਕੋਨੇ-ਕੋਨੇ ਤੋਂ ਗੂੰਜਦਾ ਸੁਣਦਾ ਹੈ। ਇਸ ਨੂੰ ਭਗਤ ਸਿੰਘ ਆਪਣੀ ਜ਼ਿੰਦਗੀ ਦਾ ਸਹੀ ਮੁੱਲ ਮੰਨਦਾ ਹੈ, "ਪ੍ਰਭਾਤ, ਜਦੋਂ ਮੈਂ ਕ੍ਰਾਂਤੀਕਾਰੀ ਦਲ ਵਿਚ ਆਇਆ ਸਾਂ ਤਾਂ ਸੋਚਿਆ ਸੀ, 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾ ਸਕਿਆ ਤਾਂ ਸਮਝਾਂਗਾ, ਮੇਰੇ ਜੀਵਨ ਦਾ ਮੁੱਲ ਮੈਨੂੰ ਮਿਲ ਗਿਆ ਹੈ ਤੇ ਹੁਣ ਅਸੀਂ ਸੱਚ ਹੀ, ਦੇਸ਼ ਦੇ ਹਰ ਕੋਨੇ ਵਿਚੋਂ ਇਸ ਨਾਅਰੇ ਦੀ ਗੂੰਜ ਸੁਣ ਰਹੇ ਹਾਂ। ਮੈਂ ਸਮਝਦਾ ਹਾਂ, ਇਸ ਛੋਟੀ ਜਿਹੀ ਜ਼ਿੰਦਗੀ ਦਾ ਮੁੱਲ ਇਸ ਤੋਂ ਵਧੇਰੇ ਹੋਰ ਕੀ ਹੋ ਸਕਦਾ ਹੈ...?"[29]

ਨਾਵਲੀ ਬਿਰਤਾਂਤ ਵਿਚ ਭਗਤ ਸਿੰਘ ਦੀ ਫਾਂਸੀ ਤੋਂ ਪਹਿਲਾਂ ਸੁਭਾਸ਼ ਚੰਦਰ ਬੋਸ਼ ਦਾ ਕਹਿਣਾ ਹੈ, "ਭਗਤ ਸਿੰਘ ਹੁਣ ਕੇਵਲ ਇਕ ਵਿਅਕਤੀ ਨਹੀਂ, ਸਗੋਂ ਇਕ ਪ੍ਰਤੀਕ ਬਣ ਗਿਆ ਹੈ। ਉਹ ਦੇਸ਼ ਵਿਚ ਵਿਆਪਕ ਬਗਾਵਤ ਦਾ ਸੰਕੇਤ ਹੈ। ਅਸੀਂ ਭਾਵੇ ਉਸ ਦੇ ਤਰੀਕਿਆਂ ਦੀ ਨਿੰਦਾ ਕਰੀਏ ਪਰ ਉਸ ਦੀ ਕੁਰਬਾਨੀ ਨੂੰ ਨਹੀਂ ਭੁਲਾ ਸਕਦੇ।"[30] ਬਿਰਤਾਂਤਕਾਰ ਨੇ 'ਸਤਲੁਜ ਵਹਿੰਦਾ ਰਿਹਾ' ਸਿਰਲੇਖ ਦੇ ਪ੍ਰਤੀਕ ਅਰਥ ਸਿਰਜਦੇ ਹੋਏ ਭਗਤ ਸਿੰਘ ਦੇ ਸਰੀਰਕ ਰੂਪ ਵਿਚ ਮੁਕਤ ਹੋਣ ਦੇ ਬਾਵਜੂਦ ਵੀ ਉਸ ਦੀ ਵਿਚਾਰਧਾਰਾ ਦੇ ਸਤਲੁਜ ਦੇ ਪਾਣੀ ਵਾਂਗ ਪ੍ਰਵਾਹਮਾਨ ਹੋਣ ਦਾ ਸੰਕੇਤ ਸਿਰਜਿਆ ਹੈ। ਸਰੀਰਕ ਮੌਤ ਭਗਤ ਸਿੰਘ ਨੂੰ ਉਸ ਦੇ ਟੀਚੇ ਤੋਂ ਮੋੜ ਨਹੀਂ ਸਕਦੀ ਸਗੋਂ ਭਗਤ ਸਿੰਘ ਦਾ ਆਪਣਾ ਵਿਚਾਰ ਹੈ ਕਿ ਉਸ ਦੀ ਮੌਤ ਉਸ ਦੇ ਇਨਕਲਾਬੀ ਵਿਚਾਰਾਂ ਨੂੰ ਨੌਜਵਾਨਾਂ ਤੱਕ ਪਹੁੰਚਾਉਣ ਦਾ ਵਾਹਕ ਬਣੇਗੀ ਜੋ ਨੌਜਵਾਨਾਂ ਨੂੰ ਆਜ਼ਾਦੀ ਦੇ ਦੀਵਾਨੇ ਬਣਾ ਦੇਵੇਗੀ। ਨਾਵਲੀ ਬਿਰਤਾਂਤ ਅਨੁਸਾਰ ਭਗਤ ਸਿੰਘ ਦੀ ਵਿਚਾਰਧਾਰਾ ਉਸ ਦੀ ਮੌਤ ਤੋਂ ਬਾਅਦ ਵੀ ਨੌਜਵਾਨਾਂ ਦੀ ਪ੍ਰੇਰਨਾ ਸ੍ਰੋਤ ਰਹੇਗੀ।

## ਹਵਾਲੇ ਤੇ ਟਿੱਪਣੀਆਂ

1. ਬਲਦੇਵ ਸਿੰਘ, ਸਤਲੁਜ ਵਹਿੰਦਾ ਰਿਹਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2021, ਪੰਨਾ 473.

2. ਉਹੀ, ਪੰਨਾ 62.
3. ਉਹੀ, ਪੰਨਾ 39.
4. ਉਹੀ, ਪੰਨਾ 35.
5. ਉਹੀ, ਪੰਨੇ 42-43.
6. ਏਮ. ਏਮ. ਜੁਨੇਜਾ, ਭਗਤ ਸਿੰਘ ਦੀ ਕਥਨੀ ਤੇ ਕਰਨੀ,ਮਾਡਰਨ ਪਬਲਿਸ਼ਰਜ਼, ਜੀਰਕਪੁਰ,2011, ਪੰਨਾ 41.
7. ਉਹੀ, ਪੰਨਾ 37.
8. ਬਲਦੇਵ ਸਿੰਘ, ਕੱਚੇ ਰਾਹ ਪੱਕੀ ਮਹਿਕ (ਸਾਹਿਤਕ ਸਵੈ ਜੀਵਨੀ) ਪੰਜਾਬੀ ਯੂਨੀਵਰਸਿਟੀ ਪਟਿਆਲਾ, 2010, ਪੰਨਾ129.
9. ਬਲਦੇਵ ਸਿੰਘ, ਸਤਲੁਜ ਵਹਿੰਦਾ ਰਿਹਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2021, ਪੰਨਾ 117.
10. ਉਹੀ, ਪੰਨਾ 409.
11. ਉਹੀ, ਪੰਨਾ 535.
12. ਉਹੀ, ਪੰਨਾ 148.
13. ਉਹੀ, ਪੰਨਾ 148.
14. ਉਹੀ, ਪੰਨਾ 250
15. ਉਹੀ, ਪੰਨਾ 334.
16. ਡਾ. ਟੀ.ਆਰ. ਵਿਨੋਦ, ਪੰਜਾਬੀ ਨਾਵਲ: ਵਿਹਾਰਕ ਪਰਿਪੇਖ (ਸੰਪਾ. ਡਾ. ਅਮਰ ਤਰਸੇਮ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2010.ਪੰਨਾ 203.
17. ਬਲਦੇਵ ਸਿੰਘ, ਸਤਲੁਜ ਵਹਿੰਦਾ ਰਿਹਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2021, ਪੰਨਾ 426.
18. ਡਾ. ਟੀ. ਆਰ. ਵਿਨੋਦ, ਪੰਜਾਬੀ ਆਲੋਚਨਾ ਸ਼ਾਸਤਰ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2007,ਪੰਨਾ 73.
19. ਬਲਦੇਵ ਸਿੰਘ, ਸਤਲੁਜ ਵਹਿੰਦਾ ਰਿਹਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2021, ਪੰਨਾ205.
20. ਉਹੀ, ਪੰਨਾ 51.

21. ਉਹੀ, ਪੰਨਾ 245.
22. ਬਲਦੇਵ ਸਿੰਘ, ਉਹੀ, ਪੰਨਾ 164.
23. ਉਹੀ, ਪੰਨਾ 182.
24. ਉਹੀ, ਪੰਨਾ 518.
25. ਉਹੀ, ਪੰਨਾ 485.
26. ਉਹੀ, ਪੰਨਾ 164.
27. ਉਹੀ, ਪੰਨਾ 229.
28. ਉਹੀ, ਪੰਨਾ 235.
29. ਉਹੀ, ਪੰਨਾ 508.
30. ਉਹੀ, ਪੰਨਾ 530.